Estd. 2000

ਅਕਤੂਬਰ/ Oct 2022
ਸਾਲ/ Year 06
ਅੰਕ/ Edition 08
ਕੁੱਲ ਸਫੇ/ Total Page

Anual Subcription

Regd Office:
1195, Ajit Nagar Moga
Pin: 142 001 (Punjab) INDIA

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' • ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Title Regd No. PUNPUN 04016 * Helpline 9988-92-9988, Email:chief_editor@mehakwatandilive.com www.mehakwatandilive.com



ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ 'ਬੰਦੀ ਛੋੜ ਦਿਵਸ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!

# ਸ਼੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ: ਇਤਿਹਾਸਕ ਪਿਛੋਕੜ

## ਅੰਦਰ ਪੜ੍ਹੋ

* ਘਰ ਦਾ ਭੇਤੀ ਲੰਕਾਂ ਢਾਏ
* ਅਖੰਡ ਸੁਹਾਗ ਦੀ ਪ੍ਰਾਥਨਾ ਕਰਵਾ ਚੌਥ ਦਾ ਵਰਤ
* ਸਾਡਾ ਪੰਜਾਬੀ ਵਿਰਸਾ * ਦਿਲ ਲਈ ਚੰਗੀ ਹੈ ਕਾਲੀ ਚਾਹ
* ਚੰਗੀ ਸਿਹਤ ਲਈ ਸਲਾਦ ਦੀ ਅਹਿਮੀਅਤ
* ਢਾਡੀ ਕਲਾ ਦੇ ਥੰਮ ਸਨ ਗੁਰਬਖਸ਼ ਸਿੰਘ ਅਲਬੇਲਾ
* ਪੰਜਾਬੀ ਫਿਲਮ ਇੰਡਸਟਰੀ ਦੀ ਰੂਹ -ਨਿਰਮਲ ਰਿਸ਼ੀ
* ਸ਼ਾਹਜਹਾਂ ਅਜੇ ਮਰਿਆ ਨਹੀਂ ਅਜੇ ਵੀ ਸਹਿਕਦਾ ਹੈ
* ਮੋਗਾ ਭੂਡੀਆਂ ਵਾਲਾ * ਦਵਾਈ ਵੀ ਹੈ ਤੁਲਸੀ

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com






Scanned with CamScanner



# ਦਾਤਾ ਬੰਦੀ ਛੋੜ ਦਿਵਸ ਤੇ ਵਿਸ਼ੇਸ਼ ਸਪਲੀਮੈਂਟ

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988






ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!




## ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ

ਮੁੱਖ ਸੇਵਾਦਾਰ : ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਮੋ. 98153-11318

ਜਾਰੀ ਕਰਤਾ : ਦੁੱਖ ਭੰਜਨ ਸੇਵਾ ਸੁਸਾਇਟੀ (ਰਜਿ:) ਖੁਖਰਾਣਾ





ਦੇਸ਼ਾਂ-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਬੰਦੀ ਛੋੜ ਦਿਵਸ 'ਦੀਵਾਲੀ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

## ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

## ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਲਾਨਾ ਬਰਸੀ

ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 17 ਮੱਘਰ (2 ਦਸੰਬਰ) 2022 ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ।

ਸੰਤ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਦੀਵਾਲੀ ਵਾਲੇ ਦਿਨ ਸਵੇਰੇ 10 ਵਜੇ ਪੈਣਗੇ।

ਸਮੂੰਹ ਸਾਧ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ




Scanned with CamScanner

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਹਰ ਕੋਈ ਬਾਹਰ ਜਾਣ ਨੂੰ ਕਾਹਲਾ

ਕੋਈ ਜ਼ਮਾਨਾ ਸੀ ਜਦੋਂ ਪੰਜਾਬ ਦਾ ਕਿਸਾਨ ਤੜਕੇ 3 ਵਜੇ ਉੱਠ ਕੇ ਖੇਤਾਂ ਵਿਚ ਜਾ ਬਲਦ ਜੋੜਦਾ ਸੀ ਤੇ ਬਲਦਾਂ ਦੇ ਗੱਲ ਵਿਚ ਪਾਈਆਂ ਟੱਲੀਆਂ ਦੀ ਅਵਾਜ਼ ਸਾਰੇ ਮਾਹੌਲ ਨੂੰ ਖ਼ੁਸ਼ਗਵਾਰ ਬਣਾ ਦਿੰਦੀ ਸੀ। ਜੱਟਾਂ ਦੇ ਮੁੰਡਿਆਂ ਨੇ ਮੁਗਲੀਆਂ ਫੇਰਨੀਆਂ, ਖ਼ੁਰਾਕਾਂ ਖਾਣੀਆਂ, ਕੁਸ਼ਤੀਆਂ ਲੜਨੀਆਂ, ਕਬੱਡੀਆਂ ਖੇਡਣੀਆਂ ਤੇ ਕੱਲੇ-ਕੱਲੇ ਨੇ ਗੱਡਾ ਪੱਠਿਆਂ ਦਾ ਕੁਤਰਨਾ.. ..। ਪਰ ਅੱਜ ਕੱਲ ਇਹ ਸਭ ਪਰੀ ਕਥਾਵਾਂ ਬਣ ਕੇ ਰਹਿ ਗਿਆ ਹੈ। ਅੱਜ ਜੱਟਾਂ ਦੇ ਘਰ ਟਰੈਕਟਰ ਖੜੇ ਹਨ ਚਾਹੇ ਇਹ ਕਰਜ਼ੇ ਤੇ ਹੀ ਆਏ ਹੋਣ, ਚਾਹੇ ਇਨਾਂ ਨੂੰ ਜਰੂਰਤ ਨਾ ਹੀ ਹੋਵੇ, ਜਿੰਨਾਂ ਚਿਰ ਦਰਵਾਜੇ ਵਿਚ ਟਰੈਕਟਰ ਖੜਾ ਨਾ ਹੋਵੇ, ਜੱਟ ਦੀ ਸ਼ਾਨ ਨਹੀਂ ਬਣਦੀ ।ਕੁਝ ਪਿੰਡ ਇਨੇ ਛੋਟੇ ਹਨ ਜਿੱਥੇ ਸਾਰੇ ਪਿੰਡ ਦਾ ਇਕ ਟਰੈਕਟਰ ਨਾਲ ਹੀ ਸਰ ਸਕਦਾ ਹੈ ਪਰ ਦੋ-ਦੋ ਢਾਈ ਕਿੱਲਿਆ ਵਾਲਾ ਕਿਸਾਨ ਵੀ ਕਹਿੰਦਾ ਹੈ ਕਿ, "ਲੈ ਮੈਂ ਕਿਸੇ ਤੋਂ ਮੰਗ ਕੇ ਆਪਣੀ ਨੱਕ ਨਹੀਂ ਵਢਾਉਣੀ"। ਆਪਣੀ ਨੱਕ ਉੱਚੀ ਰੱਖਣ ਲਈ ਉਹ ਚਾਹੇ ਧੌਣ ਤੱਕ ਕਰਜ਼ੇ ਵਿਚ ਦੱਬਿਆ ਜਾਵੇ ਇਸ ਦੀ ਕੋਈ ਪ੍ਰਵਾਹ ਨਹੀਂ।

ਜੱਟਾਂ ਦੇ ਮੁੰਡਿਆਂ ਦੀ ਤਾਂ ਗੱਲ ਹੀ ਕੁਝ ਹੋਰ ਹੋ ਗਈ ਹੈ। ਪੱਛਮ ਦੇ ਪ੍ਰਭਾਵ ਵਿਚ ਰੰਗੇ ਜੱਟਾਂ ਦੇ ਪੁੱਤ ਹੁਣ ਹਲ ਤੇ ਬੈਠ ਕੇ ਗੰਨੇ ਚੂਪਦੇ ਨਜ਼ਰ ਨਹੀਂ ਆਉਂਦੇ ਸਗੋਂ ਕਿਸੇ ਬੀਅਰ ਬਾਰ ਵਿਚ ਬੈਠੇ ਸਿਗਰਟਾਂ ਪੀਂਦੇ ਦੇਖੇ ਜਾ ਸਕਦੇ ਹਨ। ਪੰਜਾਬ ਦੇ ਚੀਰੇ ਵਾਲੇ ਗੱਭਰੂ ਜਵਾਨ, ਚੀਰੇ ਵਾਲੀਆਂ ਪੱਗਾਂ ਬੰਨਦੇ ਨਜ਼ਰ ਨਹੀਂ ਆਉਂਦੇ, ਸਗੋਂ ਕਿਸੇ ਨਾਈ ਦੇ ਬੈਠੇ ਸਾਨੇ ਸਟਾਇਲ ਜਾਂ ਮਸ਼ਰੂਮ ਕੱਟ ਕਰਵਾਉਂਦੇ ਦੇਖੇ ਜਾ ਸਕਦੇ ਹਨ।

ਤੜਕੇ ਤਿੰਨ ਵਜੇ ਉੱਠ ਕੇ ਬਲਦ ਜੋੜਨੇ ਤਾਂ ਬਜ਼ੁਰਗਾਂ ਦੇ ਜਮਾਨੇ ਨਾਲ ਅਲੋਪ ਹੋ ਗਏ, ਹੁਣ ਤਾਂ ਖਾਦੀ ਪੀਤੀ ਪਿਆ ਗੱਭਰੂ ਜਵਾਨ ਸਵੇਰੇ ਦਸ ਵਜੇ ਤੋਂ ਪਹਿਲਾਂ ਉੱਠ ਹੀ ਨਹੀਂ ਸਕਦਾ। ਜੇਕਰ ਜੱਟਾਂ ਦੇ ਪੁੱਤ ਨੂੰ ਕੋਈ ਨਿੱਕੀ ਮੋਟੀ ਨੌਕਰੀ ਮਿਲ ਗਈ ਤਾਂ ਠੀਕ ਹੈ ਨਹੀਂ ਤਾਂ ਇਹ ਭਈਆਂ ਨੂੰ ਰੋਅਬ ਮਾਰਨ ਤੋਂ ਬਗੈਰ ਕੁਝ ਵੀ ਨਹੀਂ ਕਰ ਸਕਦਾ। ਜੱਟ ਦਾ ਪੁੱਤ ਵਿਦੇਸ਼ਾ ਵਿਚ ਜਾਣ ਲਈ ਉਤਾਵਲਾ ਹੈ। ਵਿਦੇਸ਼ਾ ਵਿਚ ਜਾ ਕੇ ਦਿਹਾੜੀਆਂ ਕਰਨ ਲਈ ਤਾਂ ਆਪਣੇ ਕਿੱਲੇ ਵੀ ਵੇਚਣ ਲਈ ਤਿਆਰ ਹੈ ਪਰ ਆਪਣੇ ਪੰਜਾਬ ਵਿਚ ਆਪਣੇ ਕੰਮ ਖੇਤੀਬਾੜੀ ਕਰਦੇ ਨੂੰ ਉਸਨੂੰ ਸ਼ਰਮ ਆਉਂਦੀ ਹੈ। ਭਈਏ ਸ਼ਮਾਂ ਤੱਕ ਸਬਜ਼ੀ ਦੀ ਰੇਹੜੀ ਲਾ ਕੇ ਵੀ 1000-1200 ਬਣਾ ਲੈਂਦੇ ਹਨ। ਸਾਡੇ ਵੀਰ ਬਿਨਾਂ ਕਿਸੇ ਗੱਲੋਂ ਦਾਰੂ ਸਿੱਕੇ ਤੇ 5-7 ਸੌ ਲਾ ਦਿੰਦੇ ਹਨ। ਜਿਹੜੀਆਂ ਸਬਜ਼ੀਆਂ ਭਈਏ ਜੱਟਾਂ ਤੋਂ ਖਰੀਦ ਕੇ ਦੁਗਣੇ ਮੁੱਲ ਵਿਚ ਵੇਚ ਰਹੇ ਹਨ ਇਹੀ ਸਬਜ਼ੀਆਂ ਜੱਟਾਂ ਦੇ ਮੁੰਡੇ ਹੀ ਵੇਚ ਸਕਦੇ ਹਨ। ਪਰ ਜੱਟਾਂ ਦੇ ਮੁੰਡੇ ਅਜਿਹੇ ਕੰਮਾਂ ਨੂੰ ਛੋਟੇ ਕੰਮ ਸਮਝਦੇ ਹਨ। ਮੁੰਡੇ ਕੰਮ ਨੂੰ ਹੱਥ ਲਾ ਕੇ ਰਾਜ਼ੀ ਨਹੀਂ, ਇਸੇ ਲਈ ਕਿਸਾਨ ਨੂੰ ਆਪਣੇ ਨਿੱਕੇ ਮੋਟੇ ਕੰਮਾਂ ਵਾਸਤੇ ਵੀ ਭਈਆਂ ਦੀ ਜਰੂਰਤ ਪੈਂਦੀ ਹੈ। ਇਸ ਸਬੰਧ ਵਿਚ ਸਾਡੇ **ਸੀ.ਐਮ. ਸਾਹਿਬ ਭਗਵੰਤ ਮਾਨ ਜੀ ਨੇ ਇੱਕ ਵਾਰ ਗੀਤ ਗਾਇਆ ਸੀ** ਕਿ "ਮੁੰਡੇ ਨਾ ਡੱਕਾ ਤੋੜਦੇ, ਬਾਪੂ ਲੱਭਦਾ ਭਈਏ।"

ਜੱਟਾਂ ਦੇ ਸਾਰੇ ਕੰਮ ਭਈਆਂ ਨੇ ਲੈ ਲਏ ਹਨ। ਉਹ ਦਿਨ ਦੂਰ ਨਹੀਂ ਜਦੋਂ ਭਈਏ ਆਪਣਾ ਐਮ.ਪੀ. ਤੇ ਐਮ.ਐਲ.ਏ. ਪੰਜਾਬ ਵਿਚ ਬਣਾਇਆ ਕਰਨਗੇ ਤੇ ਹੌਲੀ-ਹੌਲੀ ਸਾਰੇ ਪੰਜਾਬ ਤੇ ਇਨਾਂ ਦਾ ਕਬਜ਼ਾ ਹੋ ਜਾਵੇਗਾ ਤੇ ਕਮੇਡੀ ਕਲਾਕਾਰ ਭੋਟੂ ਸ਼ਾਹ ਦੀ ਗੱਲ ਸੱਚ ਹੋਵੇਗੀ ਕਿ

ਸਾਡਾ ਨਾ ਹੈਗਾ ਮਿੰਦਰ ਸਿੰਘ ਟੀਲੋਂ
ਹੁਣ ਤੇ ਟਰੈਕਟਰ ਵੀ ਸਾਡਾ ਤੇ ਟਰਾਲੀ ਵੀ ਸਾਡੀ ਆ
ਜਿੱਥੇ ਅਸੀਂ ਝੋਨਾ ਬੀਜਿਆ, ਇਹ ਪਿਆਲੀ ਵੀ ਸਾਡੀ ਆ
ਇਥੇ ਸੇ ਲੇਕਰ ਉੱਥੇ ਤੱਕ ਜ਼ਮੀਨ ਵੀ ਸਾਡੀ ਆ
ਤੇ ਕਣਕ ਕਾਢਣੇ ਵਾਲੀ ਮਸ਼ੀਨ ਵੀ ਸਾਡੀ ਆ
ਕਾਕਾ ਆਉਣ ਵਾਲੇ ਦਿਨਾਂ ਵਿਚ ਦੇਖ ਲੈਣਾ
ਸਭ ਪਾਸੇ ਸਾਡਾ ਹੀ ਰਾਜ ਹੋਣਾ.. .. ..
ਤੁਹਾਨੂੰ ਧੱਕੇ ਮਾਰ ਕੇ ਕੱਢ ਦੇਣਾ ਫਿਰ ਸਾਡਾ ਹੀ ਪੰਜਾਬ ਹੋਣਾ
ਚੁੱਕ ਦੇ ਫੱਟਾ .. .. .. .. ..

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 7 Edition 7 Issue Date 20-10-2022

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੰਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਕੌਮੰਤਰੀ ਸਲਾਹਕਾਰ : ਗੁਰਸੇਵਕ ਸਿੰਘ ਪੁਰਬਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ




happy diwali
From:
GURU NANAK LIBRARY
ऑनलाईन फार्म
एडमिशन फार्म
रिजल्ट
पासपोर्ट
पैन कार्ड
लैमिनेशन
यहां पर सभी प्रकार के Competition से Related Books मार्किट से सस्ते रेटों पर मिलती है।
यहां पर IGNOU, के सभी प्रकार के फार्म भरने की सुविधा है।
99929-99115
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

Scanned with CamScanner




# ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ : ਇਤਿਹਾਸਕ ਪਿਛੋਕੜ

ਪ੍ਰਿੰ. ਸਤਿਬੀਰ ਸਿੰਘ
(ਗੁਰਪੁਰਵਾਸੀ)

ਜਹਾਂਗੀਰ ਨੂੰ ਇਕ ਅੱਖ ਨਹੀਂ ਭਾਉਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ, ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ, ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ – 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ 'ਤੇ ਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ-ਕਿਲ੍ਹਾ, ਕਿਲ੍ਹਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿੱਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਉਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖਰੀਦਿਆ ਨਾ ਜਾ ਸਕਿਆ। ਹਰਿਦਾਸ ਨੇ ਸਗੋਂ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਹਨ। ਇਹ ਵੀ ਦਰੋਗੇ ਨੇ ਹੀ ਦੱਸਿਆ ਕਿ ਏਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ-ਚੁੜ ਕੇ ਮਰਦਾ ਹੈ। ਮਹਾਰਾਜ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ, ਖਾਣਾ ਹੀ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅੱਠਵੇਂ ਅਧਿਆਏ ਅਨੁਸਾਰ –

**ਸ੍ਰੀ ਮੁਖ ਕਹਾ ਕਿਰਤਿ ਕਰਿ ਲਯਾਵੋ**
**ਸੋ ਭੋਜਨ ਹਮ ਕੌ ਕਰਵਾਵੋ ॥੪੮੫॥**

ਇਕ ਠਠਿਆਰ ਜੋ ਕਿ ਕਿਰਤ ਕਰਕੇ ਕਮਾਉਂਦਾ ਸੀ, ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦ ਗੁਰੂ ਜੀ ਖਾਂਦੇ –

**'ਜੋ ਕਿਛੁ ਰੋਜ਼ ਕਿਰਤਿ ਕਰਿ ਲਯਾਵੈ।**
**ਆਇ ਦਿਵਸੁ ਪ੍ਰਸਾਦਿ ਕਰਾਵੈ।...੪੮੮॥**

ਜੋ ਰੋਜ਼ਾਨਾ ਦਾ ਪੰਜ ਸੌ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦਿੰਦੇ ਸਨ –

**ਰੁਪਯਾ ਪੰਜ ਸੈ ਸ਼ਾਹ ਪਠਾਵੈ। ਸ੍ਰੀ ਗੁਰੁ ਭੋਜਨੁ ਤਿਹ ਕਰਾਵੈ ॥੪੮੩॥**

**ਦੋਹਰਾ -**

**ਬੰਦੀਖਾਨੇ ਜੋ ਪਰੇ ਤਿਨ ਕੋ ਦੇਤ ਖਵਾਇ।**
**ਅੰਗੀਕਾਰ ਨ ਗੁਰ ਕਰੈਂ ਐਸੇ ਨਿੱਤ ਕਰਾਇ ॥੪੮੪॥**

ਮਹਾਰਾਜ ਦੀ ਗ੍ਰਿਫਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਂਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ, ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਦਹਲੀਜ਼ 'ਤੇ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ-ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਿਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਕੀ ਅੰਦਰਲੀ ਦਹਿਲੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਲਈ ਕੀਰਤਨ ਕੁਝ ਮਿੰਟ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਜੋ ਇਕ-ਮਨ-ਚਿੱਤ ਸ਼ਬਦ ਪੜ੍ਹੇਗਾ ਉਸਨੂੰ ਇਸ ਚੌਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ! ਇਹ ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਈਆਂ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਕੀਆਂ ਗਵਾਲੀਅਰ ਪੁੱਜਦੀਆਂ। ਕਿਲ੍ਹੇ ਦੀ ਪ੍ਰਕਰਮਾਂ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ-ਸਾਹਿਬ ਨੂੰ ਸ਼ਹੀਦ ਕਰ ਕੇ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ –

**ਸ੍ਰੀ ਗੁਰੂ ਰੂਪ ਅਲਾਹੀ ਜਾਨ।...੫੨੧॥**

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਮਹਾਰਾਜ ਨੇ ਕਿਹਾ, ਸਾਡਾ ਮਨ ਇੱਥੇ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ :

**'ਕਹਾ ਗੁਰੂ ਮਨ ਲਾਗ ਅਭੇਵਾ।'**

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾ ਹੋਵਾਂਗੇ ਜਦ ਬਾਕੀ ਬੇਦੋਸ਼ ਬੰਦੀ ਰਾਜੇ ਸਾਡੇ ਨਾਲ ਹੀ ਰਿਹਾ ਕੀਤੇ ਜਾਣਗੇ –

**ਸੁਨੋ ਵਜ਼ੀਰ ਤਬੈ ਹੌਂ ਜਾਵੋਂ।**
**ਜੋ ਬਾਂਧੇ ਸਭਿ ਜੀਵ ਛੁਡਾਵੋਂ ॥੫੩੪॥**

**ਦੋਹਰਾ -**

**ਬੰਦੀ ਨ੍ਰਿਪ ਜੇਤੇ ਪਰੇ ਸਭ ਕੋ ਪ੍ਰਥਮ ਛਡਾਇ।**
**ਕਹੋ ਬਾਤ ਇਮ ਸ਼ਾਹ ਸੋਂ ਤੌ ਤੁਮਰੇ ਪਹਿ ਆਇ ॥੫੩੫॥**

ਵਜ਼ੀਰ ਖਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ – ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ –

**ਖਾਂ ਵਜ਼ੀਰ ਕੋ ਸ਼ਾਹ ਅਲਾਇ। ਛੋਰ ਬੰਦਿ ਸਭਿ ਪੀਰ**
**ਲਿਆਇ ॥੫੪੦॥**

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਉਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾ ਹੋਣਾ ਨਾ ਮੰਨਿਆ ਜਦ ਤਕ ਰਾਜੇ ਰਿਹਾ ਨਾ ਹੋਏ!

**ਬਹੁ ਬਰਸਨ ਕੋ ਨ੍ਰਿਪ ਬੰਦਿ ਪਰੇ ਤਨ**
**ਛੀਨ ਮਲੀਨ ਮਹਾਂ ਸ਼੍ਰਮ ਧਾਰੇ।**
**ਗੁਰ ਕੇ ਪਦ ਪੰਕਜ ਦੇਖਤ ਹੀ ਅਘ**
**ਓਘ ਸਭੀ ਨਰ ਕੇ ਕਟਿ ਡਾਰੇ।**
**ਸਿੰਧੁਜਰਾ ਜਸੁ ਬੰਧ ਲੀਏ ਨ੍ਰਿਪ**
**ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।**
**ਤੈਸੇ ਗੁਰੂ ਨ੍ਰਿਪ ਛੋਰ ਦੀਏ ਗੁਰ ਕੇ**
**ਸਮ ਕੌਨੁ ਕਰੇ ਉਪਕਾਰੇ ॥੫੪੬॥**

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਕੇ ਜਹਾਂਗੀਰ ਦੋਸਤੀ ਜਤਲਾਉਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ! ਮਹਾਰਾਜ ਨੇ ਕਿਹਾ – ਜਦ ਗੁਰੂ ਅਰਜਨ ਸਾਹਿਬ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ, ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ!

ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗਲਤਫਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ, ਦਰਗਾਹ ਹੀ ਹੋਵੇਗਾ! ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ –

**ਹਮਰਾ ਤੁਮ ਦਰਗਾਹੇ ਲੇਖਾ।**
**ਯਜ਼ਦਾ ਕਰੇ ਚਰਿਤ ਜਹ ਦੇਖਾ।**
**ਇਹਾ ਕਛੂ ਹਮ ਤੋਹਿ ਨ ਕਹੋਂ।**
**ਬੋਲਤ ਕਾਹਿ ਮੋਨਿ ਹ੍ਵੈ ਰਹੋ ॥੫੬੯॥**

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ। ਪਰ ਖਿਮਾ-ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ-ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਦਾ ਕੀ ਕਸੂਰ ਹੈ?

**ਸ੍ਰੀ ਗੁਰ ਕਹਾ ਇਨੈ ਛੱਡ ਦੀਜੈ।**
**ਇਨ ਕੈ ਵਸਿ ਨਹਿ, ਜੋ ਗਹਿ ਲੀਜੈ ॥੫੯੫॥**

ਬਿਧੀ ਚੰਦ ਨੇ ਕਿਹਾ – ਮਹਾਰਾਜ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ – ਨਹੀਂ ਬਿਧੀ ਚੰਦ! ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਉਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ। ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ 'ਸ੍ਰੀ ਗੁਰੋ ਵਾਚ' ਕਹਿ ਕੇ ਦਰਜ ਕੀਤਾ ਹੈ। ਵਾਕ ਹੈ :

**ਜੇ ਸੂਰੇ ਬਲ ਭਾਰ ਧਰਾਵੈ।**
**ਨਾਰੀ ਪਰਿ ਨਹਿ ਵਾਰ ਕਰਾਵੈ ॥...੬੧੧॥**

ਬੰਦੀ ਰਾਜਿਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾ ਕਰਵਾਇਆ, ਦੀ ਗਿਣਤੀ 'ਗੁਰਬਿਲਾਸ' ਮੁਤਾਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਉਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣਾ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤਰਤਾ ਜਦ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ ਚਾਹੀਦਾ –

**ਸਤਿਨਾਮ ਰਿਦੈ ਮੋ ਧਰੋ**
**ਆਗਯਾ ਸ਼ਾਹ ਕਰਾਇ ॥੬੦੧॥**

ਵਾਪਸੀ 'ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ, ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸ ਨੂੰ ਹਰ ਕੋਈ ਲਾਹਨਤ ਪਾਉਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ 'ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਸ਼ਿੰਗਾਰ ਵੀ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ–

ਬੇਟੀ! ਜੇ ਸਦਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨਾ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਤਾਂ ਖੁਦਾ ਨੂੰ ਪਾ ਲਵੇ!

**ਐਸੋ ਸਾਚ ਸ਼ਿੰਗਾਰ ਕਰਿ ਪੁਤ੍ਰੀ ਪਾਇ ਖੁਦਾਇ ॥੬੪੦॥**

ਉਸ ਨੂੰ ਲੱਜਾ ਆਈ। ਨੂਰ ਜਹਾਨ ਨੇ ਜਦੋਂ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ 'ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫਰਮਾਇਆ–

**ਮੌਤ ਭੁੱਲਦੀ ਨਹੀਂ ਤੇ ਖ਼ੁਦਾ ਦੀ ਯਾਦ ਟੁੱਟਦੀ ਨਹੀਂ।**

ਜਦ ਜਹਾਂਗੀਰ ਨਾਲ ਵੱਖਰੀ ਭੇਂਟ ਹੋਈ ਤਾਂ ਉਸ ਨਿਮਰਤਾ ਨਾਲ ਖਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਖ਼ਿਮਾ ਲੈ ਦੇਵੋ। ਮਹਾਰਾਜ ਨੇ ਕਿਹਾ – ਜਦ ਜੀਅ ਆਏ, ਉਥੇ ਆਓ। ਗੁਰੂ-ਘਰ ਕੋਈ ਰੋਕ ਨਹੀਂ।

ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਲਈ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ, ਉਨ੍ਹਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ, 'ਅੱਜ ਖੁਸ਼ੀ ਸੰਭਾਲੀ ਨਹੀਂ ਜਾਂਦੀ।'

**ਮਾਤਾ ਕੇ ਚਰਨੀ ਲਗੇ ਮਾਤ ਲੀਨ ਉਰਿ ਲਾਇ।**
**ਆਨੰਦ ਸੋਂ ਸੁਤ ਤੁਮ ਆਏ ਪ੍ਰੇਮ ਨ ਚਿੱਤਿ ਸਮਾਇ ॥੬੩੭॥**

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦੇ ਹਨ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੋ! ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੋ! ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ 'ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ –

**'ਦਰਸ ਤਖ਼ਤ ਕਰਿ ਅਨੰਦ ਚੀਨੀ ॥੬੭੬॥**

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖਿਮਾ ਪ੍ਰਾਪਤ ਕਰਾਂ–

**ਚਲੋ ਪੀਰ ਮਾਤਾ ਨਿਕਟਾਇ।**
**ਪਰੀ ਭੂਲ ਮਮ ਛਿਮਾ ਕਰਾਇ ॥੬੮੦॥**

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਿਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ –

**ਛਿਮਾ ਮਾਤ ਮਮ ਕੀਜੀਏ,**
**ਮੁੱਖ ਸੋਂ ਕੀਨ ਉਚਾਰ ॥੬੮੪॥**

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ, ਜਹਾਂਗੀਰ!

**ਗੁਰ ਗ੍ਰਿਹ ਸਾਥਿ ਵੈਰ ਜੋ ਪਾਵੇ,**
**ਹਲਤ ਪਲਤ ਨਿਜ ਦੋਇ ਗਵਾਵੈ ॥੬੮੮॥**

ਗੁਰੂ ਤਾਂ ਜਨਮ-ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਉਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁਖ ਤੋਂ 'ਖਿਮਾ ਕੀਤੀ' ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ –

**ਸੁਨੋ ਸ਼ਾਹਿ ਗੁਰ ਤੋਰ ਸਹਾਈ।**
**ਲੋਕ ਪ੍ਰਲੋਕ ਵਿਖੈ ਸੁਖ ਪਾਈ।**
**ਯੋਂ ਸੁਨਿ ਕੈ ਮਾਤਾ ਕੇ ਬੈਨਾ।**
**ਜਹਾਂਗੀਰ ਮਨਿ ਆਯੋ ਚੈਨਾ ॥੬੯੧॥**

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖਰਚ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ – ਜੈਸਾ ਹੈ, ਸੁੰਦਰ ਹੈ, ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ –

**ਕਹਾ ਗੁਰੂ ਅਬ ਨਾਹਿ ਸੁਹਾਵੈ।**
**ਸਮਾ ਪਾਇ ਇਹ ਅਧਿਕ ਬਨਾਵੈ ॥੭੦੦॥**

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਏ।

('ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੇ ਆਧਾਰ 'ਤੇ)

Scanned with CamScanner

# ਧਾਰਮਿਕ ਸਰਗਰਮੀਆਂ




## ਸ੍ਰੀ ਗੁਰੂ ਅਮਰਦਾਸ ਜੀ ਦੇ ਅਧੀਨ ਸਿੱਖ ਧਰਮ ਨੇ ਆਪਣੀ ਇਕ ਵੱਖਰੀ ਹੋਂਦ ਵਿਕਸਿਤ ਕੀਤੀ -ਬਾਬਾ ਗੁਰਦੀਪ ਸਿੰਘ ਚੰਦਪੁਰਾਣਾ

### ਗੁਰਦੁਆਰਾ ਚੰਦ ਪੁਰਾਣਾ 'ਚ ਤੀਸਰੀ ਪਾਤਸ਼ਾਹੀ ਦੇ ਜੋਤੀ ਜੋਤਿ ਨੂੰ ਸਮਰਪਤ ਸਮਾਗਮ ਹੋਇਆ

ਬਾਘਾਪੁਰਾਣਾ/ ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਜੋਤੀ-ਜੋਤ ਨੂੰ ਸਮਰਪਤ ਪੂਰਨਮਾਸ਼ੀ ਦਾ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਤਿੰਨ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਗੁਰਦੁਆਰਾ ਸਾਹਿਬ 'ਚ ਨਤਮਸਤਕ ਹੋਈਆਂ ਅਤੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਉਪਰੰਤ ਧਾਰਮਕ ਦੀਵਾਨ ਸਜੇ ਜਿਸ ਵਿੱਚ ਭਾਈ ਕਮਲਜੀਤ ਸਿੰਘ ਆਲਮਵਾਲਾ, ਭਾਈ ਲਖਵੀਰ ਸਿੰਘ ਪ੍ਰਚਾਰਕ ਸ਼੍ਰੋਮਣੀ ਕਮੇਟੀ, ਭਾਈ ਜਸਪਾਲ ਸਿੰਘ ਲੱਲਿਆਂ ਵਾਲੇ, ਪ੍ਰਸਿੱਧ ਰਾਗੀ ਭਾਈ ਇਕਬਾਲ ਸਿੰਘ ਦੀ ਲੰਗੇਆਣ ਵਾਲਾ ਨੇ ਇਕੱਤਰ ਸੰਗਤਾਂ ਨੂੰ ਗੁਰ ਇਤਿਹਾਸ ਸੁਣਾਇਆ।

ਇਸ ਮੌਕੇ ਇਸ ਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ ਵਾਲਿਆਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਸਮਾਂ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਿਆਈ ਸਮਾਂ ਸਿੱਖ ਧਰਮ ਦੀ ਪ੍ਰਗਤੀ ਤੇ ਪਾਸਾਰ ਦਾ ਸਮਾਂ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ ਅਤੇ ਫਿਰ ਉਸ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋ ਕਾਰਜ ਅਰੰਭੇ, ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਨੇਪਰੇ ਚਾੜ੍ਹਿਆ। ਗੁਰੂ ਅਮਰਦਾਸ ਜੀ ਦੇ ਅਧੀਨ ਸਿੱਖ ਧਰਮ ਨੇ ਆਪਣੀ ਇਕ ਵੱਖਰੀ ਹੋਂਦ ਵਿਕਸਿਤ ਕੀਤੀ। ਸਿੱਖ ਧਰਮ ਨੂੰ ਇਕ ਅਲੱਗ ਸੰਸਥਾ ਦਾ ਸਰੂਪ ਪ੍ਰਾਪਤ ਹੋ ਗਿਆ ਅਤੇ ਉਸ ਵਿਚ ਪੁਰਾਣੇ ਰੀਤੀ ਰਿਵਾਜ ਅਤੇ ਰਸਮਾਂ ਦੀ ਥਾਂ ਨਵੇਂ ਰੀਤੀ ਰਿਵਾਜ ਸ਼ੁਰੂ ਕੀਤੇ ਗਏ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ ਉੱਤੇ ਬੈਠੇ ਤਾਂ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਸਿੱਖ ਲਹਿਰ ਨੂੰ ਸਥਿਰ ਰੱਖਣ ਤੇ ਅੱਗੇ ਵਧਾਉਣ ਦੀ ਸੀ। ਬਾਬਾ ਜੀ ਨੇ ਅੱਗੇ ਫਰਮਾਇਆ ਕਿ ਸ੍ਰੀ ਗੁ ਰੂ



ਅਮਰਦਾਸ ਜੀ ਦੇ ਸਮੇਂ ਸਿੱਖੀ ਦਾ ਘੇਰਾ ਦਿਨ -ਬ-ਦਿਨ ਵਿਸ਼ਾਲ ਹੁੰਦਾ ਜਾ ਰਿਹਾ ਸੀ। ਇਸ ਆਸ਼ੇ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੇ ਸਿੱਖ ਜਗਤ ਨੂੰ 22 ਹਿੱਸਿਆ ਵਿਚ ਵੰਡਿਆ ਤੇ ਇਨ੍ਹਾਂ ਥਾਵਾਂ ਉੱਤੇ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਯੋਗ ਤੇ ਮੁਖੀ ਸਿੱਖਾਂ ਨੂੰ ਨਿਯੁਕਤ ਕੀਤਾ ਜਾਂਦਾ ਸੀ। ਮਾਨਵ ਜਾਤੀ ਨੂੰ ਅਧਿਆਤਮਿਕ, ਸਮਾਜਿਕ ਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਬਰਾਬਰ ਰੱਖਣ ਵਾਸਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਵਰਗੀਆਂ ਸੰਸਥਾਵਾਂ ਨੂੰ ਸੁਚੇਤ ਤੌਰ 'ਤੇ ਮਰਯਾਦਾ ਬੱਧ ਕੀਤਾ। ਆਓ ਅੱਜ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਨਾਮ ਸਿਮਰਨ ਵੱਲ ਆਪਣਾ ਧਿਆਨ ਕੇਂਦਰਿਤ ਕਰੀਏ।

ਇਸ ਮੌਕੇ ਭਾਈ ਸੁੱਖਾ ਸਿੰਘ ਮੋਗਾ, ਭਾਈ ਚਮਕੌਰ ਸਿੰਘ ਚੰਦ ਪੁਰਾਣਾ, ਬਿੱਲੂ ਸਿੰਘ ਚੰਦ ਪੁਰਾਣਾ,ਧਰਮ ਸਿੰਘ ਕਾਲੇਕੇ, ਅਜਮੇਰ ਸਿੰਘ, ਦਵਿੰਦਰ ਸਿੰਘ, ਡਾ, ਅਵਤਾਰ ਸਿੰਘ, ਦਰਸ਼ਨ ਸਿੰਘ ਡਰੋਲੀ ਭਾਈ, ਜਥੇਦਾਰ ਕਾਹਨ ਸਿੰਘ, ਸਰਪੰਚ ਮੇਜਰ ਸਿੰਘ, ਭਾਈ ਗਾਮਾ ਸਿੰਘ ਮੋਗਾ, ਭਾਈ ਹਰਜੋਤ ਸਿੰਘ ਲੁਧਿਆਣੇ ਵਾਲੇ, ਸੰਤ ਸਿੰਘ ਜੀ ਰਾਜਸਥਾਨ ਵਾਲੇ, ਭਾਈ ਗਿਆਨੀ ਗੁਰਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਮੁੱਖ ਸ਼ਖਸੀਅਤਾਂ ਹਾਜ਼ਰ ਹੋਈਆਂ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਿਆ।

## ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ -ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਰੇਸਮ ਸਿੰਘ ਖੁਖਰਾਣਾ

### ਬਾਬਾ ਬਲਦੇਵ ਸਿੰਘ ਜੋਗੇਵਾਲਾ ਅਤੇ ਬਾਬਾ ਰੇਸਮ ਸਿੰਘ ਖੁਖਰਾਣਾ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਮੋਗਾ ਨੂੰ ਦਿੱਤਾ ਮੰਗ ਪੱਤਰ



ਬਾਘਾਪੁਰਾਣਾ/ ਰਾਜਿੰਦਰ ਸਿੰਘ ਕੋਟਲਾ

ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ ਅਤੇ ਬਾਬਾ ਰੇਸ਼ਮ ਸਿੰਘ ਖੁਖਰਾਣਾ ਦੀ ਅਗਵਾਈ 'ਚ ਡਿਪਟੀ ਕਮਿਸ਼ਨਰ ਮੋਗਾ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਕਿਹਾ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾ ਪਤਾ ਕੀਤੇ ਗਏ 328 ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਮਾਮਲੇ 'ਚ ਜਾਂਚ ਕਮੇਟੀ ਬਣਾ ਕੇ ਤੁਰੰਤ ਜਾਂਚ ਅਰੰਭ ਕਰਵਾਈ ਜਾਵੇ।

ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਕਿਹਾ ਕਿ ਅਸੀਂ ਜਦੋਂ ਮੁੱਖ ਮੰਤਰੀ ਪੰਜਾਬ ਨੂੰ ਮਿਲੇ ਸਾਂ ਉਸ ਸਮੇ ਵੀ ਤਿੰਨ ਮੰਗਾਂ 'ਚੋ ਇਹ ਪ੍ਰਮੁਖ ਮੰਗ ਸੀ। ਪਰ ਅਜੇ ਤੱਕ ਸਾਨੂੰ ਇਸ ਬਾਰੇ ਕੋਈ ਵੀ ਜਬਾਬ ਨਹੀਂ ਮਿਲਿਆ। ਅਸੀਂ ਚਾਹੁੰਦੇ ਹਾਂ ਇਹ ਅਤਿ ਗੰਭੀਰ ਮਾਮਲਾ ਹੈ ਇਸ ਨੂੰ ਅੱਖੋਂ ਪਰੋਖੇ ਨਹੀ ਕੀਤਾ ਜਾ ਸਕਦਾ। ਇਸ ਵਾਸਤੇ ਸਾਡੀ ਸਰਕਾਰ ਨੂੰ ਜ਼ੋਰਦਾਰ ਅਪੀਲ ਹੈ ਕਿ ਇਸ ਮਾਮਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ। ਦੂਸਰਾ ਬਹਿਬਲ ਕਲਾਂ ਕੋਟ ਕਪੂਰਾ ਗੋਲੀਕਾਂਡ ਦੇ ਮਾਮਲੇ ਚ ਪ੍ਰਕਾਸ਼ ਸਿੰਘ ਬਾਦਲ ਸੁਖਬੀਰ ਸਿੰਘ ਬਾਦਲ ਅਤੇ ਸੁਮੇਧ ਸੈਣੀ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਕਿਓ ਕਿ ਪੁੱਛ-ਗਿੱਛ ਹੁਣ ਬਹੁਤ ਹੋ ਚੁੱਕੀ ਹੈ। ਜਿਵੇ ਬੇ-ਅਦਬੀਆਂ ਦੇ ਮਾਮਲੇ ਚ ਸੌਦਾ ਸਾਧ ਨੂੰ ਮੁੱਖ ਸ਼ਾਜਸ ਕਰਤਾ ਮੰਨਿਆਂ ਗਿਆ। ਇਸੇ ਤਰਾਂ ਗੋਲੀ ਕਾਂਡ ਦਾ ਮੁੱਖ ਦੋਸ਼ੀ ਮੰਨ ਕੇ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਸਾਰੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ।

ਇਸ ਸਬੰਧੀ ਸਾਰੇ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਨੂੰ ਜੋ ਮੰਗ ਪੱਤਰ ਦੇਣ ਦਾ ਜੋ ਪ੍ਰੋਗਾਮ ਬਣਾਇਆ ਸੀ ਉਸ ਮੁਤਾਬਕ 27 ਸਤੰਬਰ 2022 ਨੂੰ ਮਾਲਵੇ ਤੇ ਦੁਆਬਾ ਦੇ ਸਾਰੇ ਜਿਲਿਆਂ 'ਚ ਮੰਗ ਪੱਤਰ ਦਿੱਤੇ ਗਏ। ਮਾਝੇ ਦੇ ਚਾਰਾਂ ਜਿਲਿਆਂ 'ਚ ਮੰਗ ਪੱਤਰ 12 ਸਤੰਬਰ 2022 ਨੂੰ ਦਿੱਤੇ ਗਏ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ, ਗਿਆਨੀ ਜਸਵਿੰਦਰ ਸਿੰਘ ਟਿੰਡਵਾਂ, ਗਿਆਨੀ ਅਮਰੀਕ ਸਿੰਘ ਜੀਰਾ, ਜੱਥੇ: ਬੂਟਾ ਸਿੰਘ ਰਣਸੀਹ ਕੇ, ਭਾਈ ਜਗਜੀਤ ਸਿੰਘ ਖੋਸਾ ਦਲ ਖਾਲਸਾ, ਭਾਈ ਰਣਜੀਤ ਸਿੰਘ ਵਾਂਦਰ, ਊਧਮ ਸਿੰਘ ਕਲਕੱਤਾ, ਡਾ: ਸੁਰਜੀਤ ਸਿੰਘ ਖਾਲਿਸਤਾਨੀ ਰਾਮਗੜ, ਸੁਖਜਿੰਦਰ ਸਿੰਘ ਖੋਸਾ ਕਿਸਾਨ ਆਗੂ, ਭਾਈ ਜਸਵਿੰਦਰ ਸਿੰਘ ਘੋਲੀਆ ਆਦਿ ਭਾਰੀ ਗਿਣਤੀ ਵਿੱਚ ਆਗੂ ਅਤੇ ਸੰਗਤਾਂ ਹਾਜਰ ਸਨ।

## ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣੇ ਵਾਲਿਆਂ ਦੀ ਯਾਦ ਵਿਚ ਅੱਖਾਂ ਦੇ ਕੈਂਪ ਲਗਾਉਣਾ ਸ਼ਲਾਘਾਯੋਗ -ਜਸਟਿਸ ਮਹਿਤਾਬ ਸਿੰਘ

### ਅੱਖਾਂ ਕੁਦਰਤ ਦੀ ਅਨਮੋਲ ਦਾਤ ਹਨ ਇਸ ਦੀ ਸੰਭਾਲ ਜ਼ਰੂਰੀ ਹੈ -ਬਾਬਾ ਗੁਰਦੀਪ ਸਿੰਘ ਚੰਦਪੁਰਾਣਾ



ਬਾਘਾਪੁਰਾਣਾ / ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਪ੍ਰਸਿਧ ਅਤੇ ਇਤਿਹਾਸਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਜੋ ਕਿ ਸਮਾਜ ਸੇਵੀ ਕੰਮਾਂ ਦੇ ਵਿਚ ਹਮੇਸ਼ਾਂ ਮੋਹਰੀ ਰਿਹਾ ਹੈ। ਇਸ ਅਸਥਾਨ ਦੇ ਮੌਜੂਦਾ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਵਲੋਂ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਦੀ ਯਾਦ ਵਿੱਚ ਅੱਖਾਂ ਦਾ ਫ੍ਰੀ ਕੈਂਪ ਜਗਦੀਸ਼ ਸਿੰਘ ਢਾਬਾਂ ਦੇ ਸਹਿਯੋਗ ਦੇ ਨਾਲ ਲਗਾਇਆ ਗਿਆ। ਇਸ ਕੈਂਪ ਦੌਰਾਨ ਸੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ। ਕੈਂਪ ਦਾ ਉਦਘਾਟਨ ਜਸਟਿਸ ਮਹਿਤਾਬ ਸਿੰਘ ਨੇ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਸਮਾਜ ਸੁਧਾਰਕ ਕੰਮ ਕਰਿਆ ਕਰਦੇ ਸਨ ਉਸੇ ਹੀ ਤਰ੍ਹਾਂ ਬਾਬਾ ਗੁਰਦੀਪ ਸਿੰਘ ਉਨ੍ਹਾਂ ਦੇ ਕਦਮਾਂ 'ਤੇ ਚਲਦੇ ਹੋਏ ਸਮਾਜ ਦੀ ਸੇਵਾ ਕਰ ਰਹੇ ਹਨ।ਉਦਘਾਟਨ ਸਮਾਰੋਹ ਦੌਰਾਨ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ, ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਇੰਦਰਜੀਤ ਸਿੰਘ ਬੀੜ ਚੜਿੱਕ (ਸਾਬਕਾ ਚੇਅਰਮੈਨ) ਹਾਜਰ ਰਹੇ।

ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਮਰੀਜ਼ਾਂ ਅਤੇ ਆਈਆਂ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਲਵੇ ਦਾ ਇਹ ਪਵਿੱਤਰ ਅਤੇ ਇਤਿਹਾਸਕ ਸਥਾਨ ਹਮੇਸ਼ਾ ਸਮਾਜ ਸੇਵਾ ਦੇ ਵਿਚ ਮੋਹਰੀ ਰਿਹਾ ਹੈ। ਅੱਜ ਜੋ ਬਾਬਾ ਨਛੱਤਰ ਸਿੰਘ ਜੀ ਦੀ ਯਾਦ ਵਿੱਚ ਅੱਖਾਂ ਦਾ ਕੈਂਪ ਲਗਾਇਆ ਗਿਆ ਹੈ ਕੈਂਪ 'ਚ 116 ਮਰੀਜਾਂ ਨੂੰ ਐਨਕਾਂ,180 ਮਰੀਜ਼ਾਂ ਨੂੰ ਦਵਾਈਆਂ, 17 ਮਰੀਜਾਂ ਦੇ ਲੈਨਜ ਪੁਆਏ ਜਾਣਗੇ। ਉਨ੍ਹਾਂ ਦੱਸਿਆ ਕਿ ਅੱਜ ਦੇ ਇਸ ਕੈਂਪ ਚ ਡਾਕਟਰ ਸੂਦਾ, ਡਾਕਟਰ ਅੰਮ੍ਰਿਤਪਾਲ ਸਿੰਘ, ਡਾਕਟਰ ਰਘਬੀਰ ਸਿੰਘ ਅਤੇ ਡਾ ਅਮਨਦੀਪ ਕੌਰ ਜੋ ਕੇ ਸੰਕਰਾ ਹਸਪਤਾਲ ਲੁਧਿਆਣਾ ਦੇ ਟੀਮ ਸਨ। ਇਹਨਾਂ ਵੱਲੋਂ ਮਰੀਜ਼ਾਂ ਦੀ ਜਾਂਚ ਵਧੀਆ ਤਰੀਕੇ ਕੀਤੀ ਗਈ।

ਬਾਬਾ ਜੀ ਨੇ ਕਿਹਾ ਕਿ ਅੱਖਾਂ ਕੁਦਰਤ ਦੀ ਅਨਮੋਲ ਦਾਤ ਹਨ ਏਸ ਦੀ ਸੰਭਾਲ ਅਤੀ ਜ਼ਰੂਰੀ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਸਾਬਕਾ ਸਰਪੰਚ ਮੇਜਰ ਸਿੰਘ, ਚਮਕੌਰ ਸਿੰਘ ਚੰਦ ਪੁਰਾਣਾ, ਡਾਕਟਰ ਅਵਤਾਰ ਸਿੰਘ ਯੂ ਐਸ ਆਈ ਧਲਵਿੰਦਰ ਸਿੰਘ, ਦਰਸ਼ਨ ਸਿੰਘ ਡਰੋਲੀ ਭਾਈ, ਜੀਤਾ ਸਿੰਘ, ਨੈਬ ਸਿੰਘ ਅਜਮੇਰ ਸਿੰਘ ਹਾਜਰ ਸਨ।



ਦੇਸ਼ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਦਾਤਾ ਬੰਦੀ ਛੋੜ ਦਿਵਸ 'ਦੀਵਾਲੀ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ।



ਮਹਿੰਦਰਪਾਲ ਲੂੰਬਾ
ਚੇਅਰਮੈਨ



ਸੁਖਦੇਵ ਸਿੰਘ ਬਰਾੜ
ਸਿਟੀ ਪ੍ਰਧਾਨ

ਰੂਰਲ ਐਨ.ਜੀ.ਓ. ਕਲੱਬਜ਼ ਐਸੋਸ਼ੀਏਸ਼ਨ, ਮੋਗਾ

Scanned with CamScanner




# ਅਖੰਡ ਸੁਹਾਗ ਦੀ ਪ੍ਰਾਰਥਨਾ - ਕਰਵਾ ਚੌਥ ਦੇ ਵਰਤ

**ਸਿੱਖ ਧਰਮ ਅਨੁਸਾਰ ਕਰਵਾ ਚੌਥ ਦੇ ਵਰਤ ਦੀ ਮਨਾਹੀ ਹੈ ਪਰ ਫਿਰ ਵੀ ਬਹੁਤ ਸਾਰੀਆਂ ਸਿੱਖ ਧਰਮ ਨਾਲ ਸੰਬੰਧਤ ਔਰਤਾਂ ਦੂਸਰੀਆਂ ਔਰਤਾਂ ਵਾਂਗ ਕਰਵਾ ਚੌਥ ਦਾ ਵਰਤ ਰੱਖਦੀਆਂ ਹਨ।**

ਕਰਵਾ ਚੌਥ ਦੇ ਵਰਤ ਦਾ ਤਿਉਹਾਰ ਅੱਜਕਲ੍ਹ ਔਰਤਾਂ ਦਾ ਸਭ ਤੋਂ ਖਾਸ ਤਿਉਹਾਰ ਬਣਦਾ ਜਾ ਰਿਹਾ ਹੈ। ਇਸ ਦੇ ਇਤਿਹਾਸਕ ਪਿਛੋਕੜ ਅਤੇ ਧਾਰਮਿਕ ਰਸਮਾਂ ਬਾਰੇ ਚਾਹੇ ਕਿਸੇ ਨੂੰ ਨਾ ਪਤਾ ਹੋਵੇ ਪਰ ਇਸ ਦੀ ਚਮਕ-ਦਮਕ ਸਭ ਦੇ ਮਨ ਨੂੰ ਟੁਭਦੀ ਹੈ। ਪਤੀ ਦੀ ਲੰਮੀ ਉਮਰ ਦੀ ਕਾਮਨਾ ਕਰਨ ਵਾਸਤੇ ਰੱਖੇ ਜਾਂਦੇ ਕਰਵਾ ਚੌਥ ਦੇ ਵਰਤ ਦੀ ਮੁੱਖ ਭਾਵਨਾ ਤਾਂ ਉਹੀ ਹੈ ਜੋ ਸਦੀਆਂ ਤੋਂ ਚਲੀ ਆ ਰਹੀ ਹੈ ਪਰ ਇਸ ਦੇ ਪ੍ਰਗਟਾਵੇ ਦੇ ਜ਼ਰੀਏ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਸੁਹਾਗਣਾਂ ਦਾ ਇਹ ਤਿਉਹਾਰ ਕੱਤਕ ਮਹੀਨੇ ਦੀ ਚੌਥੀ ਤਿਥੀ ਨੂੰ ਆਉਂਦਾ ਹੈ।

ਕਰਵਾ ਚੌਥ ਦੇ ਵਰਤ ਦੀ ਸ਼ੁਰੂਆਤ ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਸੁਬਹ ਸੂਰਜ ਨਿਕਲਣ ਤੋਂ ਪਹਿਲਾਂ ਸੱਸ ਬਹੂ ਨੂੰ ਸਰਗੀ ਦਿੰਦੀ ਹੈ ਜਿਸ ਵਿਚ ਸਾਰੇ ਸੁਹਾਗ ਚਿੰਨ , ਗਹਿਣੇ, ਟਿੱਕਾ, ਮਹਿੰਦੀ, ਸੰਧੂਰ, ਫੈਣੀਆਂ, ਮਿਠਾਈ ਆਦਿ ਹੁੰਦੇ ਹਨ। ਇਸ ਤੋਂ ਬਾਅਦ ਸੱਸ ਅਤੇ ਨੂੰਹ ਆਲੂ ਗੋਭੀ ਦੀ ਸਬਜ਼ੀ, ਫੈਣੀਆਂ, ਖੀਰ ਆਦਿ ਖਾਂਦੀਆਂ ਹਨ। ਸਰਗੀ ਤੋਂ ਬਾਅਦ ਨੂੰਹ ਆਪਣੇ ਸਹੁਰੇ, ਪਤੀ ਅਤੇ ਦੂਸਰੇ ਵਡ ਵਡੇਰਿਆਂ ਤੋਂ ਅਸ਼ੀਰਵਾਦ ਲੈਂਦੀ ਹੈ। ਹੱਥ ਵਿਚ ਚੂੜੀਆਂ, ਮੱਥੇ 'ਤੇ ਬਿੰਦੀ, ਅੱਖ 'ਚ ਕੱਜਲ, ਪੈਰਾਂ 'ਚ ਪੰਜੇਬਾਂ ਆਦਿ ਸੁਹਾਗ ਦੇ ਪ੍ਰਤੀਕ ਧਾਰਣ ਕਰਕੇ ਸੁਹਾਗਣਾਂ ਦੁਪਹਿਰ ਤੋਂ ਬਾਅਦ ਸ਼ਿੰਗਾਰ ਨਾਲ ਸਜੀਆਂ ਪੂਜਾ ਦੀਆਂ ਥਾਲੀਆਂ ਲੈ ਕੇ ਇਕ ਥਾਂ 'ਤੇ ਇਕੱਠੀਆਂ ਹੁੰਦੀਆਂ ਹਨ ਅਤੇ ਪੰਡਤਾਈ ਤੋਂ ਕਥਾ ਸੁਣਦੀਆਂ ਹਨ। ਕਥਾ ਸੁਣਨ ਉਪਰੰਤ ਸੁਹਾਗ ਦੀਆਂ ਚੀਜ਼ਾਂ ਪੰਡਤਾਈ ਨੂੰ ਭੇਂਟ ਕਰਦੀਆਂ ਹਨ। ਹੱਥ ਵਿਚ ਚੌਲਾਂ ਦੇ ਦਾਣੇ ਲੈ ਕੇ ਕਥਾ ਸੁਣਦੀਆਂ ਹਨ।

ਕਰਵੇ ਦੀ ਕਥਾ ਇਸ ਪ੍ਰਕਾਰ ਹੈ ਕਿ ਇਕ ਵਾਰ ਕਰਵਾ ਚੌਥ ਵੇਲੇ ਵੀਰਵਤੀ ਨਾਂ ਦੀ ਇਕ ਔਰਤ ਦੀਆਂ ਭਾਬੀਆਂ ਨੇ ਵਿਧੀ ਵਿਧਾਨ ਨਾਲ ਵਰਤ ਰੱਖਿਆ ਪਰ ਵੀਰਵਤੀ ਸਾਰਾ ਦਿਨ ਬਿਨਾਂ ਅੰਨ ਜਲ ਰਹਿ ਨਾ ਸਕੀ ਅਤੇ ਨਿਢਾਲ ਹੋ ਗਈ। ਭਰਾ ਆਪਣੀ ਭੈਣ ਦੀ ਇਹ ਹਾਲਤ ਨਾ ਦੇਖ ਸਕੇ। ਉਨ੍ਹਾਂ ਨੇ ਇਕ ਯੋਜਨਾ ਬਣਾਈ। ਖੇਤ ਵਿਚ ਜਾ ਕੇ ਅੱਗ ਬਾਲੀ ਅਤੇ ਕੱਪੜੇ ਉੱਪਰ ਚੰਦਰਮਾ ਵਰਗਾ ਅਕਾਰ ਬਣਾ ਕੇ ਘਰ ਜਾ ਕਾ ਵੀਰਵਤੀ ਨੂੰ ਚੰਦ ਉਦੈ ਹੋਣ ਦਾ ਸੁਨੇਹਾ ਦਿੱਤਾ। ਵੀਰਵਤੀ ਨੇ ਉਸ ਨਕਲੀ ਚੰਦਰਮਾ ਨੂੰ ਦੇਖ ਕੇ ਅਰਘ ਦਿੱਤਾ ਅਤੇ ਭੋਜਨ ਕਰ ਲਿਆ। ਜਿਸ ਨਾਲ ਉਸ਼ਦਾ ਵਰਤ ਖੰਡਤ ਹੋ ਗਿਆ। ਉਸਦਾ ਪਤੀ ਇਸ ਤੋਂ ਬਾਅਦ ਅਚਾਨਕ ਬੀਮਾਰ ਹੋ ਗਿਆ। ਇਸ ਦੌਰਾਨ ਦੇਵਰਾਜ ਇੰਦਰ ਦੀ ਪਤਨੀ ਇੰਦਰਾਣੀ ਵੀ ਵਰਤ ਪੂਰਾ ਕਰਨ ਲਈ ਧਰਤੀ 'ਤੇ ਆ ਗਈ। ਇਸ ਗੱਲ ਦਾ ਪਤਾ ਲੱਗਣ ਤੇ ਵੀਰਵਤੀ ਨੇ ਇੰਦਰਾਣੀ ਕੋਲ ਪ੍ਰਾਰਥਨਾ ਕੀਤੀ। ਇੰਦਰਾਣੀ ਨੇ ਕਿਹਾ ਕਿ ਜੇ ਤੂੰ ਵਰਤ ਨੂੰ ਪੂਰਨ ਵਿਧੀ ਨਾਲ ਪੂਰਾ ਕਰੇਂ ਤਾਂ ਤੇਰਾ ਪਤੀ ਠੀਕ ਹੋ ਜਾਵੇਗਾ। ਇਹ ਕਥਾ ਵਰਤ ਦੀ ਮਹੱਤਤਾ ਨੂੰ ਦਰਸਾਉਂਦੀ ਹੈ।

ਕਥਾ ਸੁਣਨ ਤੋਂ ਬਾਅਦ ਬਹੂ ਆਪਣੀ ਸੱਸ ਕੋਲੋਂ ਅਸ਼ੀਰਵਾਦ ਲੈਂਦੀ ਹੈ ਅਤੇ ਉਸ ਨੂੰ ਸੂਟ-ਸਾੜੀ, ਸ਼ਗਨ ਅਤੇ ਸ਼ਿੰਗਾਰ ਦਾ ਸਮਾਨ ਭੇਟ ਕਰਦੀ ਹੈ। ਸੱਸ ਆਪਣੀ ਬਹੂ ਨੂੰ ਸਦਾ ਸੁਹਾਗਣ ਰਹਿਣ ਦਾ ਅਸ਼ੀਰਵਾਦ ਦਿੰਦੀ ਹੈ। ਪਾਣੀ ਦੀ ਗੜਵੀ ਅਤੇ ਅੰਨ ਦੇ ਦਾਣੇ ਵੱਖ ਰੱਖ ਕੇ ਰਾਤ ਨੂੰ ਚੰਦਰਮਾ ਨਿਕਲਣ 'ਤੇ ਉਸ ਜਲ ਵਿਚ ਅੰਨ ਦੇ ਦਾਣੇ ਪਾ ਕੇ ਅਰਘ ਦਿੱਤਾ ਜਾਂਦਾ ਹੈ। ਅਰਘ ਦੇ ਕੇ ਪਤੀ ਦੇ ਹੱਥੋਂ ਜਲ ਗ੍ਰਹਿਣ ਕਰਨ ਤੋਂ ਬਾਅਦ ਭੋਜਨ ਕੀਤਾ ਜਾਂਦਾ ਹੈ। ਨਵਵਿਆਹੀਆਂ ਪਹਿਲਾ ਕਰਵਾ ਚੌਥ ਤੇਰਾ ਕਰਵੇ ਰੱਖ ਕੇ ਵਰਤ ਕਰਦੀਆਂ ਹਨ। ਬਾਅਦ ਵਿਚ ਦੋ ਕਰਵੇ, ਤਿੰਨ ਚੱਪਣੀਆਂ ਰੱਖ ਕੇ ਵੀ ਵਰਤ ਰੱਖਿਆ ਜਾਂਦਾ ਹੈ। ਕਰਵਾ ਚੌਥ ਦੇ ਦਿਨ ਚੰਦਰਮਾ ਦੀ ਪੂਜਾ ਦੀ ਧਾਰਮਿਕ ਅਤੇ ਵਿਗਿਆਨਕ ਮਹੱਤਤਾ ਹੈ। ਹਿੰਦੂ ਧਰਮ ਅਨੁਸਾਰ ਚੰਦਰਮਾ ਨੂੰ ਮੁਹੱਬਤ ਦਾ ਦੇਵਤਾ ਮੰਨਿਆ ਜਾਂਦਾ ਹੈ ਇਸ ਲਈ ਆਪਣੇ ਪਿਆਰੇ ਦੀ ਲੰਮੀ ਉਮਰ ਦੀ ਦੁਆ ਮੰਗਣ ਅਤੇ ਵਰਤ ਤੋਂ ਬਾਅਦ ਮੁਹੱਬਤ ਦੇ ਦੇਵਤਾ ਚੰਦਰਮਾ ਨੂੰ ਅਰਘ ਚੜ੍ਹਾਇਆ ਜਾਂਦਾ ਹੈ।



ਜੋਤਿਸ਼ ਅਨੁਸਾਰ ਚੰਦਰਮਾ ਮਨ ਦਾ ਕਾਰਕ ਗ੍ਰਹਿ ਹੈ। ਉਹ ਇਸ ਲਈ ਕਿ ਜਿਵੇਂ ਚੰਦਰਮਾ ਦਾ ਅਕਾਰ ਵਧਦਾ ਘਟਦਾ ਰਹਿੰਦਾ ਹੈ, ਵੈਸੀ ਹੀ ਮਨੁੱਖੀ ਮਨ ਦੀ ਅਵਸਥਾ ਬਦਲਦੀ ਰਹਿੰਦੀ ਹੈ। ਮਨ ਆਪਣੇ ਪ੍ਰੀਤਮ ਪਿਆਰੇ ਅਤੇ ਸਖ਼ੀ ਸੰਗ ਜੁੜਿਆ ਰਹੇ ਅਤੇ ਆਪਸੀ ਪਿਆਰ ਵਧਦਾ ਰਹੇ, ਇਸ ਲਈ ਚੰਦਰਮਾ ਨੂੰ ਅਰਘ ਚੜ੍ਹਾ ਕੇ ਉਸ ਦੀ ਲੰਮੀ ਉਮਰ ਅਤੇ ਪ੍ਰੇਮ ਦੀ ਸਥਿਰਤਾ ਲਈ ਕਾਮਨਾ ਕੀਤੀ ਜਾਂਦੀ ਹੈ। ਸਿੱਖ ਧਰਮ ਅਨੁਸਾਰ ਕਰਵਾ ਚੌਥ ਦੇ ਵਰਤ ਦੀ ਮਨਾਹੀ ਹੈ ਪਰ ਫਿਰ ਵੀ ਬਹੁਤ ਸਾਰੀਆਂ ਸਿੱਖ ਧਰਮ ਨਾਲ ਸੰਬੰਧਤ ਔਰਤਾਂ ਦੂਸਰੀਆਂ ਔਰਤਾਂ ਵਾਂਗ ਕਰਵਾ ਚੌਥ ਦਾ ਵਰਤ ਰੱਖਦੀਆਂ ਹਨ।

ਵਿਗਿਆਨਕ ਮਾਨਤਾ ਅਨੁਸਾਰ ਚੰਦ੍ਰਮਾ ਦਾ ਪ੍ਰਭਾਵ ਮਨੁੱਖੀ ਮਨ ਉੱਪਰ ਵੀ ਪੈਂਦਾ ਹੈ। ਇਸ ਲਈ ਚੰਦਰਮਾ ਦਾ ਦਰਸ਼ਨ ਕਰਨ ਨਾਲ ਇਸ ਦੀਆਂ ਕਿਰਨਾਂ ਦਾ ਪ੍ਰਭਾਵ ਸਿੱਧੇ ਤੌਰ 'ਤੇ ਮਨੁੱਖੀ ਉਪਰ ਪੈ ਕੇ ਮਨ ਦੇ ਭਾਵਾਂ ਨੂੰ ਮਜ਼ਬੂਤ ਕਰਦਾ ਹੈ ਜਿਸ ਨਾਲ ਮਾਨਸਿਕ ਸ਼ਕਤੀ ਪ੍ਰਾਪਤ ਹੁੰਦੀ ਹੈ। ਇਸ ਲਈ ਜੇ ਚੰਦਰਮਾ ਸ਼ੁੱਭ ਹੋਵੇਗਾ ਤਾਂ ਮਨ ਦੇ ਵਿਚਾਰ ਵੀ ਸ਼ੁੱਭ ਹੋਣਗੇ। ਮਨ ਦੇ ਵਿਚਾਰ ਸ਼ੁੱਭ ਹੋਣਗੇ ਤਾਂ ਘਰ ਪਰਿਵਾਰ ਵਿਚ ਆਪਸੀ ਪ੍ਰੇਮ, ਭਰੋਸਾ ਅਤੇ ਵਿਸ਼ਵਾਸ ਵਧੇਗਾ।

ਅਖੀਰ ਵਿਚ ਇਹ ਕਹਿ ਸਕਦੇ ਹਾਂ ਕਿ ਕਾਰਨ ਚਾਹੇ ਕੋਈ ਵੀ ਹੋਵੇ ਜੇਕਰ ਕੋਈ ਤਿਉਹਾਰ ਸਾਡੇ ਮਨ ਨੂੰ ਖੁਸ਼ੀ, ਸੰਤੁਸ਼ਟੀ ਅਤੇ ਸਕੂਨ ਪ੍ਰਦਾਨ ਕਰਦਾ ਹੈ ਤਾਂ ਸਾਨੂੰ ਉਸ ਤਿਉਹਾਰ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ।

-ਭਵਨਦੀਪ ਸਿੰਘ ਪੁਰਬਾ
E-Mail : bhawandeep@rediffmail.com

... Surinder Toor
TANGRI INSURANCE & Financial Group Inc.
A Lifetime commitment
.... to you
ਤੁਸੀ ਕੈਨੇਡਾ ਆਉਣ ਤੋਂ ਪਹਿਲਾ ਹੀ ਫੋਨ ਰਾਹੀਂ ਵੀ ਇੰਨਸੋਰੈਂਸ ਕਰਵਾ ਸਕਦੇ ਹੋ।
7370 Bramalea Rd. Unit #17
Mississauga Ontario L5S 1N6
Bus. 905-896-1576
E-mail: surindertoor129@gmail.com
Tel: (905) 405-1200
Fax:(905) 405 1299
TANGRI INSURANCE & Financial Group can serve your needs in the following areas:
* Retirement & Estate Planing * Seg. Funds * Group Plans * Life Insurance
* Health & Dental * Executive Compensation Plan * Mortagage Insurance * RRSP 'S
* Registred Education Saving Plan * Visitor Medical Insurance * Disability

Scanned with CamScanner

'ਘਰ ਦਾ ਭੇਤੀ ਲੰਕਾਂ ਢਾਏ'

–ਭਵਨਦੀਪ ਸਿੰਘ ਪੁਰਬਾ

# ਐਤਕੀ ਇੱਕ ਦੁਸ਼ਹਿਰਾ ਹੋਰ ਲੰਘ ਗਿਆ




ਐਤਕੀ ਇੱਕ ਦੁਸ਼ਹਿਰਾ ਹੋਰ ਲੰਘ ਗਿਆ ਹੈ। ਦੂਸਹਿਰਾ ਹਰ ਸਾਲ ਆਉਦਾ ਹੈ ਤੇ ਚਲਾ ਜਾਂਦਾ ਹੈ ਇਹ ਪ੍ਰਮਪਰਾ ਸਦੀਆਂ ਤੋਂ ਚੱਲੀ ਅਤ ਰਹੀ ਹੈ। ਵੈਸੇ ਤਾਂ ਪੰਜਾਬ ਵਿੱਚ ਸਾਰਾ ਸਾਲ ਹੀ ਤਿਉਹਾਰ ਚੱਲਦੇ ਰਹਿੰਦੇ ਹਨ। ਪਰ ਸਿਆਲਾਂ ਦੀ ਆਮਦ ਦੇ ਤਿਉਹਾਰਾਂ ਵਿੱਚ ਦੁਸਹਿਰਾ ਸਭ ਤੋਂ ਪਹਿਲਾ ਖਾਸ ਤਿਉਹਾਰ ਹੁੰਦਾ ਹੈ। ਇਹ ਨੌਂ ਨਵਰਾਤਰਿਆਂ ਤੋਂ ਬਾਅਦ ਹੁੰਦਾ ਹੈ। ਦੁਸਹਿਰੇ ਦੇ ਤਿਉਹਾਰ ਨੂੰ 'ਵਿਜਯ ਦਸ਼ਮੀ' ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਵਿਜਯ' ਜਿਸ ਦਾ ਅਰਥ ਹੈ ਜਿੱਤ। ਦੁਸਹਿਰਾ ਦੇ ਇਤਿਹਾਸ ਬਾਰੇ ਸਾਰੇ ਪੰਜਾਬੀ ਭਲੀ-ਬਾਤ ਜਾਣਦੇ ਹਨ। ਵੇਸੈ ਇਹ ਜਿਕਰਯੋਗ ਗੱਲ ਹੈ ਕਿ ਰਾਵਣ ਵੀ ਇਕ ਸ਼ਕਤੀ ਸ਼ਾਲੀ ਰਾਜਾ ਸੀ। ਉਂਝ ਤਾਂ ਰਾਵਣ ਬਹੁਤ ਗਿਆਨੀ ਪੰਡਤ ਸੀ, ਪਰ ਮਨ 'ਚ ਹੰਕਾਰ ਹੋਣ ਕਾਰਨ ਯੁੱਧ ਵਿਚ ਉਸਦੀ ਹਾਰ ਹੋਈ, ਹਾਰ ਦਾ ਕਾਰਨ ਉਸ ਦੇ ਭਰਾਂ ਵੱਲੋਂ ਧੋਖਾ ਕਰਨਾ ਹੈ ਇਹ ਦੁਨੀਆਂ ਲਈ ਇੱਕ ਸੇਧ ਦੇਣ ਵਾਲੀ ਗੱਲ ਵੀ ਹੈ ਕਿ ਆਪਣੇ ਵੀ ਕਈ ਵਾਰ ਦਗਾ ਕਮਾ ਜਾਦੇ ਹਨ ਇਸ ਲਈ ਕਿਸੇ ਤੇ ਵੀ ਅੱਖਾਂ ਮੀਚ ਕੇ ਵਿਸ਼ਵਾਸ ਕਰਨਾ ਹਾਰ ਦਾ ਕਾਰਨ ਬਣਦਾ ਹੈ ਤਾਂਹੀ ਕਿਹਾ ਜਾਦਾ ਹੈ 'ਘਰ ਦਾ ਭੇਤੀ ਲੰਕਾਂ ਢਾਏ'। ਇਹ ਵੀ ਜਿਕਰਯੋਗ ਗੱਲ ਹੈ ਕਿ ਰਾਵਣ ਨੇ ਸੀਤਾ ਦਾ ਹਰਨ ਕੀਤਾ ਸੀ ਪਰ ਉਸਦੇ ਚਰਿੱਤਰ ਉਪਰ ਕੋਈ ਦਾਗ਼ ਨਹੀਂ ਹੈ। ਪਰ ਜੁਰਮ ਕੋਈ ਵੀ ਹੋਵੇ ਉਸਦੀ ਸਜਾ ਤਾਂ ਜਰੂਰ ਮਿਲਣੀ ਚਾਹੀਦੀ ਹੈ। ਰਾਵਣ ਨੂੰ ਉਸ ਦੇ ਕੀਤੇ ਦੀ ਸਜਾ ਮਿਲੀ। ਅੱਜ ਕਈ ਸਦੀਆਂ ਬਾਅਦ ਵੀ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲੇ ਸਾੜ ਕੇ ਦੁਸਹਿਰੇ ਨੂੰ ਬਦੀ ਤੇ ਨੇਕੀ ਦੀ ਜਿੱਤ ਕਹਿ ਦਿੱਤਾ ਜਾਦਾ ਹੈ। ਜੇਕਰ ਅੱਜ ਦੇ ਰਾਵਣ ਵੱਲ ਵੇਖੀਏ ਜੋਂ ਸ਼ਰੇਆਮ ਤੁਰੇ ਫਿਰਦੇ ਹਨ। ਉਸ ਰਾਵਣ ਨੇ ਤਾਂ ਸੀਤਾ ਦਾ ਕੇਵਲ ਅਪਹਰਣ ਹੀ ਕੀਤਾ ਸੀ, ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਮਾਸੂਮ ਬੱਚੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਕੀ ਉਨ੍ਹਾਂ ਰਾਵਣਾ ਦੇ ਪੁਤਲੇ ਸਾੜਨ ਦੀ ਜਰੂਰਤ ਨਹੀਂ? ਉਹ ਤਾਂ ਅਪੀਲਾ ਕਰ ਕਰ ਕੇ ਆਪਣੇ ਕੀਤੇ ਜੁਰਮਾਂ ਨੂੰ ਠੰਡਾ ਕਰ ਦਿੰਦੇ ਹਨ ਤੇ ਜਿਸ ਦਿਨ ਉਨ੍ਹਾਂ ਦੇ ਜੁਰਮ ਲੋਕਾ ਦੇ ਮਨੋਂ ਵਿਸਰ ਜਾਦੇ ਹਨ, ਉਸ ਦਿਨ ਉਹ ਲੈ-ਦੇ ਕੇ ਚੁੱਪ-ਚਪੀਤੇ ਰਿਹਾਅ ਹੋ ਕੇ ਲੋਕਾਂ ਦੀ ਭੀੜ ਵਿੱਚ ਸ਼ਾਮਲ ਹੋਂ ਜਾਦੇ ਹਨ। ਆਮ ਹੀ ਲੋਕ ਥੋੜੇ ਚਿਰ ਬਾਅਦ ਕਿਸੇ ਦੇ ਕੀਤੇ ਜੁਰਮਾ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਪਰ ਫਿਰ ਰਾਵਣ ਵਿਚਾਰਾ ਪਤਾ ਨਹੀਂ ਕਿਉਂ ਸਦੀਆਂ ਤੋਂ ਆਪਣੇ ਕੀਤੇ ਦੀ ਸਜਾ ਭੁਗਤ ਰਿਹਾ ਹੈ। ਅਸਲ ਵਿੱਚ ਅਸੀਂ ਅਜੇ ਤੱਕ ਆਪਣੇ ਅੰਦਰ ਬੈਠੇ ਰਾਵਣਾਂ ਨੂੰ ਨਹੀਂ ਜਲਾ ਸਕੇ। ਅੱਜ ਇਸ ਕਲਯੁਗ ਦੇ ਸਮੇਂ ਆਸੇ ਪਾਸੇ ਨਿਗ੍ਹਾ ਮਾਰ ਕੇ ਦੇਖਿਏ ਤਾਂ ਸਾਡਾ ਆਲਾ ਦੁਆਲਾ ਹੀ ਰਾਵਣਾਂ ਨਾਲ ਭਰਿਆ ਪਿਆ ਹੈ। ਅੱਜ ਤਾਂ ਰਾਵਣ ਹੀ ਹਰ ਪਾਸੇ ਪ੍ਰਧਾਨ ਹਨ। ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਵੀ ਆਉਣ ਵਾਲੇ ਸਮੇਂ ਵੱਲ ਨਿਗ੍ਹਾ ਮਾਰ ਕੇ ਕਿਹਾ ਸੀ 'ਕੂੜ ਹੋਇਆ ਪ੍ਰਧਾਨ ਵੇ ਲਾਲੋ।' ਉਨ੍ਹਾਂ ਦੀ ਕਹੀ ਅੱਜ ਸੱਚ ਹ ਈ ਜਾ ਰਹੀਂ ਹੈ।

ਅੱਜ ਦੁਸਹਿਰਾ ਮਨਾਉਣਾ ਸਾਡੇ ਲਈ ਧਾਰਮਿਕ ਪ੍ਰੰਮਪਰਾ ਨਾ ਹੋਂ ਕੇ ਸਿਰਫ ਮੇਲਾ ਵੇਖਣ ਵਾਲੀ ਪ੍ਰਵਿਰਤੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਹੜਾ ਦੁਸਹਿਰਾ ਅਸੀਂ ਮੇਲੇ ਦੇ ਰੂਪ ਵਿੱਚ ਮਨਾਉਂਦੇ ਹਾਂ ਉਸ ਦੀ ਗੱਲ ਕਰੀਏ ਤਾਂ ਸਾਰੇ ਦੇਸ਼ ਵਿੱਚ ਦੁਸਹਿਰਾ ਕਿਸੇ ਨਾ ਕਿਸੇ ਰੂਪ ਵਿੱਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉੱਤਰ ਵਿੱਚ ਜੇ ਕੁੱਲੂ ਦਾ ਦੁਸਹਿਰਾ ਪ੍ਰਸਿੱਧ ਹੈ ਤਾਂ ਦੱਖਣ ਵਿੰਚ ਮੈਸੂਰ ਦਾ ਦੁਸਹਿਰਾ ਇਸ ਤੋਂ ਵੱਧ ਮਹੱਤਤਾ ਰੱਖਦਾ ਹੈ। ਮੈਸੂਰ ਵਿੱਚ ਦੁਸਹਿਰੇ ਨੂੰ 'ਵਿਜਯ ਦਸ਼ਮੀ' ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਇਥੇ ਸ਼ਹਿਰਾਂ ਵਿੱਚ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਬੁੱਤ ਬਣਾ ਕੇ ਸਾੜੇ ਜਾਂਦੇ ਹਨ ਇਨ੍ਹਾਂ ਬੁੱਤਾਂ 'ਤੇ ਤਕਰੀਬਨ ਅੱਸੀ ਹਜਾਰ ਤੋਂ ਲੈ ਕੇ ਡੇਢ ਲੱਖ ਰੁਪਏ ਤੱਕ ਖਰਚ ਆਉਂਦਾ ਹੈ।

ਦੁਸਹਿਰਾ ਕਮੇਟੀਆਂ ਬੜੀ ਮਿਹਨਤ ਕਰਦੀਆਂ ਹਨ। ਦੁਸਹਿਰਾ ਕਮੇਟੀਆਂ ਆਪਣੇ ਆਪਣੇ ਸ਼ਹਿਰਾਂ ਦੇ ਮਾਲਕਾਂ ਡਿਪਟੀ ਕਮਿਸ਼ਨਰ ਸਾਹਿਬਾਨਾ ਨੂੰ, ਐਸ.ਡੀ.ਐਮ. ਸਾਹਿਬਾਨਾਂ ਨੂੰ, ਐਮ.ਐਲ.ਏ ਜਾਂ ਭਰੀਆਂ ਜੇਬਾ ਵਾਲੇ ਵਪਾਰੀਆਂ ਨੂੰ ਜਾਂ ਕਿਸੇ ਹੋਰ ਮੰਤਰੀਆਂ-ਸੰਤਰੀਆਂ ਜਿਸ ਕੋਲੋਂ ਚਾਰ ਸ਼ਿੱਲੜ ਮਿਲਣ ਦੀ ਆਸ ਹੋਵੇ, ਉਨ੍ਹਾਂ ਨੂੰ ਮੁੱਖ ਮਹਿਮਾਣ ਬਣ ਕੇ ਆਉਣ ਦਾ ਸੱਦਾ ਪੱਤਰ ਦਿੰਦਿਆਂ ਹਨ। ਮੁੱਖ ਮਹਿਮਾਣ ਦੇ ਆਉਣ ਸਾਰ ਮਿੰਟਾਂ ਵਿੱਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਸੜ ਕੇ ਸੁਆਹ ਹੋ ਜਾਂਦੇ ਹਨ ਤੇ ਸਾਰੇ ਖੁਸ਼ ਹੋ ਜਾਂਦੇ ਹਨ ਕਿ ਬਦੀ ਉੱਪਰ ਨੇਕੀ ਦੀ ਜਿੱਤ ਹੋ ਗਈ। ਬੁੱਤ ਸੜਣ ਉਪਰੰਤ ਲੋਂਕ ਖਿੱਡਣੇ ਸ਼ੁਰੂ ਹੋ ਜਾਂਦੇ ਹਨ। ਕਈ ਲੋਕ ਰਾਵਣ ਦੇ ਪੁਤਲੇ ਦੀਆਂ ਅੱਧ ਸੜੀਆਂ ਲੱਕੜਾਂ ਚੁੱਕ ਕੇ ਘਰ ਲੈ ਜਾਂਦੇ ਹਨ ਉਹਨਾ ਦਾ ਮੰਨਣਾ ਹੈ ਕਿ ਇਨ੍ਹਾਂ ਲੱਕੜਾਂ ਨੂੰ ਘਰ ਵਿੱਚ ਰੱਖਣ ਨਾਲ ਛੋਟੇ ਬੱਚਿਆਂ ਨੂੰ ਡਰ ਨਹੀਂ ਲੱਗਦਾ, ਧੰਨ ਵਿੱਚ ਵਾਧਾ ਹੁੰਦਾ ਹੈ ਤੇ ਘਰ ਵਿੱਚ ਸ਼ਾਂਤੀ ਬਣੀ ਰਹਿੰਦੀ ਹੈ।

ਖੂਬਸੂਰਤ ਪਹਾੜਾਂ ਵਿਚ ਬਿਆਸ ਦਰਿਆ ਦੇ ਕਿਨਾਰੇ ਸਥਿਤ ਸੁੰਦਰ ਸ਼ਹਿਰ ਕੁੱਲੂ (ਹਿਮਾਚਲ ਪ੍ਰਦੇਸ਼) ਦਾ ਦੁਸਹਿਰਾ ਬੜਾ ਮਸ਼ਹੂਰ ਹੈ ਪਰ ਉਥੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਨਹੀਂ ਸਾੜੇ ਜਾਦੇ। ਉੱਥੇ ਦੁਸਹਿਰਾ ਹਫਤਾ ਭਰ ਮਨਾਇਆ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਇਥੇ ਦੁਸਹਿਰਾ ਦੇਖਣ ਲਈ ਪਹੁੰਚਦੇ ਹਨ। ਕੁੱਲੂ ਵਾਦੀ ਦੇ ਲੋਕ ਬਹੁੱਤ ਹੀ ਸੁੰਦਰ ਤਰੀਕੇ ਨਾਲ ਆਪਣੇ ਪਿੰਡ ਵਿਚ ਆਪਣੇ ਦੇਵੀ-ਦੇਵਤੇ ਦੀ ਪਾਲਕੀ ਤਿਆਰ ਕਰਦੇ ਹਨ। ਆਪਣੇ ਦੇਵੀ-ਦੇਵਤੇ ਦੀ ਮੂਰਤੀ ਪਾਲਕੀ ਵਿੱਚ ਰੱਖ ਕੇ ਉਸਨੂੰ ਮੋਢਿਆਂ 'ਤੇ ਚੁੱਕ ਕੇ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਕੁੱਲੂ ਸ਼ਹਿਰ ਤੱਕ ਜਾਂਦੇ ਹਨ। ਸ਼ਰਧਾਲੂ ਨੱਚਦੇ ਟੱਪਦੇ ਹੋਏ ਬੈਂਡ ਵਾਜਿਆਂ ਸਮੇਤ ਕੁੱਲੂ ਦੇ ਬਾਜਾਰਾਂ ਵਿਚੋਂ ਦੀ ਗੁਜਰਦੇ ਹੋਏ ਰਘੁਨਾਥ ਜੀ ਦੇ ਮੰਦਰ ਵਿੱਚ ਪਹੁੰਚਦੇ ਹਨ ਅਤੇ ਪੂਜਾ ਅਚਰਨਾ ਕਰਦੇ ਹਨ। ਦੇਸ਼ ਦੇ ਵੱਖ-ਵੱਖ ਰਾਜਾ ਤੋਂ ਤੇ ਵੱਖ-ਵੱਖ ਬੋਲੀਆਂ ਦੇ ਗਾਇਕ, ਕਲਾਕਾਰ ਇਸ ਮੇਲੇ ਵਿਚ ਸ਼ਾਮਲ ਹੋਣ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਕਈ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਦੀਆਂ ਹਨ ਜਿਥੇ ਵਾਜਬ ਰੇਟਾ ਤੇ ਵਸਤੂਆਂ ਮਿਲਦੀਆਂ ਹਨ। ਇਥੇ ਇੱਕ ਖਾਸੀਅਤ ਹੈ ਕਿ ਦੁਸਹਿਰੇ ਵਿੱਚ ਕੋਈ ਵੀ ਵਿਅਕਤੀ ਸ਼ਰਾਬ ਪੀ ਕੇ ਜਾਂ ਨਸ਼ਾ ਕਰਕੇ ਨਹੀਂ ਆਉਦਾ। ਇਹ ਸਾਰਾ ਨਜਾਰਾ ਵੇਖਣਯੋਗ ਹੁੰਦਾ ਹੈ।

ਸਮੁੱਚੇ ਦੇਸ਼ ਵਿੱਚ ਦੁਸਹਿਰੇ ਵਾਲੇ ਦਿਨ ਖਰੀਦਦਾਰੀ ਕਰਨੀ ਵਧੀਆ ਮੰਨੀ ਜਾਦੀ ਹੈ। ਇਸ ਦਿਨ ਸੋਨਾ, ਚਾਂਦੀ ਤੇ ਵਾਹਨਾਂ ਦੀ ਖਰੀਦਦਾਰੀ ਬਹੁੱਤ ਜਿਆਦਾ ਵਧੀਆਂ ਮੰਨੀ ਜਾਦੀ ਹੈ। ਬਹੁੱਤ ਲੋਕ ਇਸ ਦਿਨ ਨਵੇਂ ਕੰਮ ਦਾ ਆਰੰਭ ਕਰਨਾ ਸ਼ੁਭ ਮੰਨਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਨਾ ਸ਼ੁਭ ਸਮਝਦੇ ਹਨ। ਦੁਸਹਿਰੇ ਦੇ ਮੇਲੇ ਤੋਂ ਵਾਪਸੀ ਤੇ ਲੋਕ ਜਲੇਬੀਆਂ, ਪਕੌੜੇ, ਪਟਾਕੇ, ਲੜੀਆਂ ਆਦਿ ਦੀ ਖਰੀਦੋ-ਫਰੋਖਤ ਕਰਦੇ ਹਨ। ਦੁਸਹਿਰੇ ਪਿਛੇ ਇਤਿਹਾਸਕ, ਰਾਜਨੀਤਿਕ ਤੇ ਸਮਾਜਿਕ ਕਾਰਣਾ ਦਾ ਅਧਿਐਨ ਕਰਨ ਦਾ ਆਮ ਆਦਮੀ ਜਰੂਰਤ ਨਹੀਂ ਸਮਝਦਾ। ਉਸ ਲਈ ਤਾਂ ਦੁਸਹਿਰਾ ਕੁੱਝ ਮਿੰਟਾਂ ਦਾ ਮਨੋਰੰਜਣ ਬਣ ਕੇ ਰਹਿ ਗਿਆ ਹੈ।

ਚਲੋ... ਦੁਸਹਿਰੇ ਦੇ ਬਹਾਨੇ ਆਪਸੀ ਭਾਈਚਾਰਕ ਸਾਂਝ ਤਾਂ ਪੈਦਾ ਹੁੰਦੀ ਹੈ। ਦੁਸਹਿਰਾ ਮਨਾਉਣਾ ਸਾਡੇ ਲਈ ਫੇਰ ਵੀ ਸਫਲ ਹੀ ਸਮਝਿਆ ਜਾ ਸਕਦਾ ਹੈ, ਜੇਕਰ ਦੁਸਹਿਰਾ ਅਸੀਂ ਆਪਸੀ ਪ੍ਰੇਮ, ਸਦਭਾਵਨਾ ਨਾਲ ਮਿਲ ਕੇ ਮਨਾਈਏ। ਸਮਾਜ ਵਿੱਚੋ ਨਫਰਤ, ਪਾਪ, ਜਬਰ-ਜੁਲਮ, ਹੰਕਾਰ ਦਾ ਖਾਤਮਾ ਕਰਨ ਅਤੇ ਸਰਬੱਤ ਦਾ ਭਲਾ ਕਰਨ ਦਾ ਯਤਨ ਕਰੀਏ।

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ



008

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

01. ਕਈ ਵਾਰ ਦਾਲ ਵਿੱਚ ਇੱਕ ਬਰੀਕ ਜਿਹਾ ਕਰੜਾ ਕੰਕਰ ਆ ਜਾਦਾ ਹੈ ਜਿਸ ਨੂੰ 'ਕੋਕੜੂ' ਕਹਿੰਦੇ ਹਨ।
02. ਛੋਲਿਆਂ ਦੀਆਂ ਭੁੰਨੀਆਂ ਹਰੀਆਂ ਫਲੀਆਂ ਨੂੰ 'ਹੋਲਾਂ' ਕਹਿੰਦੇ ਹਨ।
03. ਕਿਸੇ ਵੀ ਚੀਜ ਦੇ ਜੂਸ ਨੂੰ 'ਰਸ' ਕਹਿੰਦੇ ਹਨ।
04. 'ਖੱਖੜੀ' ਇਕ ਖਾਣ ਵਾਲੀ ਵਸਤੂ ਹੈ ਜੋ ਖਰਬੂਜੇ ਦੀ ਕਿਸਮ ਵਿਚੋਂ ਹੈ। ਇਸ ਦਾ ਆਕਾਰ ਲੰਬਾਈ ਵਿੱਚ ਹੁੰਦਾ ਹੈ।



05. ਸਮਾਨ ਜਾਂ ਰਾਸ਼ਨ ਦੀ ਸਮੱਗਰੀ ਨੂੰ 'ਰਸਦ' ਕਿਹਾ ਜਾਂਦਾ ਹੈ।
06. ਪੀਸੀ ਹੋਈ ਦਵਾਈ ਨੂੰ 'ਫੱਕੀ' ਕਿਹਾ ਜਾਂਦਾ ਹੈ।
07. ਖਾਲਕ ਜਾਂ ਸ਼ੁਧ ਚੀਜ਼ ਨੂੰ ਨਿਰੋਲ ਕਹਿੰਦੇ ਹਨ
08. ਖੰਡ ਦੀ ਬਣੀ ਮਠਿਆਈ ਜੋ ਬਜ਼ੁਰਗ ਦੇ ਮਰਨ ਤੋਂ ਪਿਛੋਂ ਵੰਡੀ ਜਾਦੀ ਹੈ ਉਸ ਨੂੰ 'ਗਦੋੜਾਂ' ਫੇਰਨਾ ਕਹਿੰਦੇ ਹਨ।
09. ਜਿੱਥੇ ਠੰਡਾ ਮਿੱਠਾ ਪਾਣੀ ਜਾਂ ਸ਼ਰਬਤ ਪਿਲਾਇਆ ਜਾਂਦਾ ਹੈ ਉਸ ਨੂੰ 'ਛਬੀਲ' ਕਹਿੰਦੇ ਹਨ।
10. ਪੂਜਾ ਜਾਂ ਸਤਿਕਾਰ ਵਜੋਂ ਕਿਸੇ ਨੂੰ ਕੋਈ ਵਸਤੂ ਜਾਂ ਪ੍ਰਸਾਦ ਦੇਣ ਨੂੰ 'ਅਰਘ' ਕਿਹਾ ਜਾਂਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨਾਲ ਸਾਂਝਾ ਕਰੋ!
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਆਪਣੇ ਸਮਾਗਮਾਂ ਦਾ ਸਿੱਧਾ ਪ੍ਰਸ਼ਾਰਨ ਕਰਵਾਓ !
'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ...
...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਪੰਜਾਬੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖ਼ਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।
International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ




Monthly Magazine # Daily Online Newspaper # Web TV Channel
ਨੋਟ: ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!
Help Line: 9988 92 9988
www.mehakwatandilive.com

Scanned with CamScanner




# ਢਾਡੀ ਕਲਾ ਦੇ ਥੰਮ੍ਹ ਸਨ ਗੁਰਬਖ਼ਸ਼ ਸਿੰਘ ਅਲਬੇਲਾ




ਭਵਨਦੀਪ ਸਿੰਘ ਪੁਰਬਾ
ਮੋਗਾ, ਮੋ. 99889-29988

ਗੁਰਬਖ਼ਸ਼ ਸਿੰਘ ਅਲਬੇਲਾ ਨਾਂਅ ਸੀ ਉਸ ਸ਼ਖ਼ਸੀਅਤ ਦਾ ਜੋ ਢਾਡੀ, ਗੀਤਕਾਰ ਅਤੇ ਇਤਿਹਾਸਕਾਰ ਤਾਂ ਹੈ ਹੀ ਸੀ ਇਸ ਤੋਂ ਇਲਾਵਾ ਉਸ ਨੂੰ ਅਨੇਕਾਂ ਸ਼ਗਿਰਦਾਂ ਦਾ ਗੁਰੂ ਹੋਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਦੇ ਸ਼ਗਿਰਦਾਂ ਦੀ ਗਿਣਤੀ ਦਾ ਅੰਦਾਜ਼ਾ ਤਾਂ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਘਰ ਰੋਜ਼ਾਨਾ 28 ਕਿੱਲੋ ਆਟਾ ਗੁੰਨ੍ਹਿਆ ਜਾਂਦਾ ਸੀ । ਇੰਨੇ ਗੁਣਾਂ ਦੇ ਧਾਰਨੀ ਹੋਣ ਦੇ ਨਾਲ-ਨਾਲ ਉਹ ਚੰਗੇ ਸਮਾਜ ਸੇਵਕ ਵੀ ਸਨ । ਇੱਕ ਦਿਨ ਸਾਡਾ ਵੀ ਉਨ੍ਹਾਂ ਨੂੰ ਮਿਲਣ ਦਾ ਸਬੱਬ ਬਣਿਆ । ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਅਲਬੇਲਾ ਜੀ ਕਿੰਨੇ ਖੁਸ਼ਦਿਲ ਤੇ ਮਿਲਾਪੜੇ ਇਨਸਾਨ ਸੀ। ਉਹ ਢਾਡੀ ਜੱਥੇ ਦੇ ਨਾਲ ਮਿਲ ਕੇ ਧਰਮ ਦੀ ਸੇਵਾ ਤਾਂ ਕਰਦੇ ਹੀ ਸਨ ਨਾਲ-ਨਾਲ ਸਮਾਜ ਸੇਵਾ 'ਚ ਯੋਗਦਾਨ ਪਾਉਂਦੇ ਹੋਏ ਤਕਰੀਬਨ 20-22 ਲੜਕੀਆਂ ਦੇ ਵਿਆਹ ਆਪਣੇ ਕੋਲੋਂ ਖਰਚਾ ਕਰਕੇ ਕੀਤੇ ਹਨ । ਦੋ ਬੱਚਿਆਂ ਦੇ ਪਿਤਾ ਗੁਰਬਖ਼ਸ਼ ਸਿੰਘ ਆਪਣੇ ਸਾਰੇ ਸ਼ਗਿਰਦਾਂ ਨੂੰ ਆਪਣੇ ਪੁੱਤਰ ਹੀ ਸਮਝਦੇ ਸਨ ।

ਉਨ੍ਹਾਂ ਦਾ ਜਨਮ 3 ਮਈ 1957 ਨੂੰ ਪਿੰਡ ਬੁਰਜਰਾਜਗੜ੍ਹ ਵਿਖੇ ਦਿਆਲ ਸਿੰਘ ਧਾਲੀਵਾਲ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ । ਉਨ੍ਹਾਂ ਨੇ ਪ੍ਰਾਇਮਰੀ ਸਿੱਖਿਆ ਆਪਣੇ ਪਿੰਡ ਬੁਰਜ ਰਾਜਗੜ੍ਹ ਤੋਂ ਹੀ ਪ੍ਰਾਪਤ ਕੀਤੀ ਤੇ ਹਾਈ ਦਸ਼ਮੇਸ਼ ਸਕੂਲ ਰਾਮਪੁਰਾ ਫੂਲ ਤੋਂ ਅਤੇ ਉੱਥੇ ਹੀ ਗਿਆਨੀ ਕੀਤੀ।ਉਹ 1979 'ਚ ਟੀਚਰ ਲੱਗ ਗਏ। ਇਸੇ ਕਰਕੇ ਕਈ ਲੋਕ ਉਨ੍ਹਾਂ ਨੂੰ ਮਾਸਟਰ ਜੀ ਹੀ ਆਖਦੇ ਸਨ।

ਉਨ੍ਹਾਂ ਨੂੰ ਬਚਪਨ ਤੋਂ ਹੀ ਗਾਉਣ ਦਾ ਤੇ ਗੀਤ ਲਿਖਣ ਦਾ ਸ਼ੌਕ ਸੀ ।ਸਕੂਲ ਦੀ ਪੜ੍ਹਾਈ ਮੌਕੇ ਅਧਿਆਪਕਾਂ ਨੇ ਉਨ੍ਹਾਂ ਤੋਂ ਗੀਤ ਸੁਣਨੇ ਤੇ ਹੱਲਾਸ਼ੇਰੀ ਦੇਣੀ। ਅਧਿਆਪਕਾਂ ਦੀ ਹੱਲਾਸ਼ੇਰੀ ਨਾਲ ਉਹ ਅੱਗੇ ਵਧਦੇ ਗਏ । ਅਲਬੇਲਾ ਨੂੰ ਢਾਡੀ ਬਨਾਉਣ ਵਿੱਚ ਬਲਵਿੰਦਰ ਸਿੰਘ ਖਹਿਰਾ (ਐਸ.ਪੀ.ਡੀ.) ਦਾ ਹੱਥ ਹੈ । ਅਲਬੇਲਾ ਜੀ ਨੇ ਪੰਜ ਸਾਲ ਮਾਸਟਰੀ ਦੀ ਨੌਕਰੀ ਕਰਕੇ 1984 'ਚ ਨੌਕਰੀ ਛੱਡ ਕੇ ਪੂਰੀ ਤਰ੍ਹਾਂ ਢਾਡੀ ਕਲਾ ਨੂੰ ਚੁਣ ਲਿਆ।

ਉਨ੍ਹਾਂ ਨੇ ਗਾਉਣਾ ਤਾਂ ਬਚਪਨ ਤੋਂ ਹੀ ਸੀ ਸ਼ੁਰੂ ਕਰ ਦਿੱਤਾ ਸੀ ਪਰ ਉਨ੍ਹਾਂ ਨੇ ਸਭ ਤੋਂ ਪਹਿਲਾ ਪ੍ਰੋਗਰਾਮ 12 ਜਨਵਰੀ 1989 ਨੂੰ ਪਿੰਡ ਪੱਕਾ ਕਲਾਂ ਜ਼ਿਲ੍ਹਾ ਬਠਿੰਡਾ 'ਚ ਲਾਇਆ । ਉਨ੍ਹਾਂ ਪਹਿਲੀ ਕੈਸੇਟ ਸੀ "ਪਰਉਪਕਾਰੀ ਖਾਲਸਾ" ਇਹ ਇੰਦਰਲੋਕ ਕੰਪਨੀ ਵੱਲੋਂ ਕੀਤੀ ਗਈ ਸੀ । ਦੂਜੀ ਕੈਸੇਟ 'ਹਿੰਦ ਦੀ ਚਾਦਰ' ਕੈਸੇਟ ਪਾਇਲ ਕੰਪਨੀ 'ਚ ਆਈ। ਉਨ੍ਹਾਂ ਦੀਆਂ ਟੇਪਾਂ 122 ਮੁਲਕਾਂ 'ਚ ਚੱਲ ਰਹੀਆਂ ਹਨ ਜਿੱਥੇ-ਜਿੱਥੇ ਵੀ ਕੋਈ ਪੰਜਾਬੀ ਹੈ ਉੱਥੇ ਉਨ੍ਹਾਂ ਕੈਸੇਟ ਚੱਲਦੀ ਹੈ।



ਅਲਬੇਲਾ ਜੀ ਨੂੰ ਤਕਰੀਬਨ 22 ਮੁਲਕਾਂ ਦੇ ਸੱਦੇ ਆਏ ਸਨ । ਪ੍ਰੋਗਰਾਮ ਕਰਨ ਲਈ ਕੈਨੇਡਾ, ਰਸ਼ੀਆ, ਡੁਬਈ, ਨਿਊਜ਼ੀਲੈਂਡ ਤੇ ਮੰਡੀਲਾ ਦੇ ਦੌਰੇ 'ਤੇ ਜਾ ਚੁੱਕੇ ਸਨ । ਜ਼ਿਆਦਾ ਸਮਾਂ ਉਨ੍ਹਾਂ ਦੇ ਸਾਥੀ ਬਲਦੇਵ ਸਿੰਘ ਬਿੱਲੂ, ਜਸਵੰਤ ਸਿੰਘ ਦੀਵਾਨਾ ਤੇ ਸਾਰੰਗੀ ਮਾਸਟਰ ਸਤਨਾਮ ਸਿੰਘ ਲਾਲੀ ਰਹੇ ।

ਅਦਾਕਾਰੀ 'ਚ ਅਲਬੇਲਾ ਜੀ ਨੇ ਛੋਟੇ ਹੁੰਦਿਆਂ ਹੀ ਡਰਾਮੇ ਕਰਨ ਲੱਗ ਪਏ ਸੀ ਤੇ 1977 'ਚ ਉਨ੍ਹਾਂ ਆਪਣੀ ਡਰਾਮਾ ਪਾਰਟੀ ਤਿਆਰ ਕਰ ਲਈ ਸੀ 'ਅਲਬੇਲਾ ਡਰਾਮਾ ਪਾਰਟੀ'। ਉਸ ਸਮੇਂ ਨਛੱਤਰ ਛੱਤਾ ਵੀ ਛੋਟਾ ਜਿਹਾ ਸੀ ਉਹ ਵੀ ਉਨ੍ਹਾਂ ਨਾਲ ਹੀ ਸੀ। ਇਨ੍ਹਾਂ ਦੀ ਡਰਾਮਾ ਪਾਰਟੀ ਦੀ ਇਲਾਕੇ 'ਚ ਇੰਨੀ ਚੜ੍ਹਾਈ ਸੀ ਕਿ ਵਿਆਹ-ਸ਼ਾਦੀ ਮੌਕੇ ਲੋਕ ਗਾਉਣ ਵਾਲੇ ਕਲਾਕਾਰਾਂ ਨੂੰ ਛੱਡ ਕੇ ਉਨ੍ਹਾਂ ਦੇ ਡਰਾਮੇ ਕਰਵਾਉਣ ਲੱਗੇ। ਇਨ੍ਹਾਂ ਡਰਾਮਿਆਂ 'ਚੋ ਪੂਰਮ ਭਗਤ ਦਾ ਡਰਾਮਾ ਸਭ ਤੋਂ ਪ੍ਰਸਿੱਧ ਸੀ। ਉਨ੍ਹਾਂ ਦੀ ਡਰਾਮਾ ਪਾਰਟੀ ਦੀ ਚੜ੍ਹਾਈ ਦਾ ਇਥੋਂ ਵੀ ਪਤਾ ਲੱਗਦਾ ਹੈ ਕਿ ਉਸ ਸਮੇਂ ਮੁਹੰਮਦ ਸਦੀਕ ਪ੍ਰੋਗਰਾਮ ਦਾ 800 ਰੁਪਇਆ ਲੈਂਦਾ ਸੀ ਤੇ ਅਲਬੇਲਾ 1500 ਰੁਪਇਆ ।

ਉਨ੍ਹਾਂ ਦੇ ਬਹੁਤ ਜ਼ਿਆਦਾ ਸ਼ਗਿਰਦ ਹਨ ਜਿਨ੍ਹਾਂ 'ਚ ਨਛੱਤਰ ਛੱਤਾ, ਬਲਕਾਰ ਸਿੱਧੂ, ਗਗਨਦੀਪ, ਅਮਨਦੀਪ , ਨਿਰਮਲ ਗਿੱਲ, ਧਰਮਪ੍ਰੀਤ, ਸੰਦੀਪ ਸੋਨਾ, ਬਲਤੇਜ ਬਿੱਟੂ, ਰਵਿੰਦਰ ਚੰਨਾ, ਪਵਿੱਤਰ ਅਤੇ ਹੋਰ ਅਨੇਕਾਂ (ਜੋ ਅਜੇ ਸਿਖ ਰਹੇ ਸਨ) । ਉਨ੍ਹਾਂ ਬਹੁਤ ਸਾਰੇ ਗੀਤ ਲਿਖੇ ਪਰ ਜੋ ਬਹੁਤ ਮਸ਼ਹੂਰ ਹੋਏ ਹਨ ਉਨ੍ਹਾਂ ਦੀ ਗਿਣਤੀ 50 ਤੋਂ 60 ਦੇ ਵਿਚਕਾਰ ਹੈ ।

ਅਲਬੇਲਾ ਜੀ ਪੱਤਰਕਾਰੀ ਦੇ ਖੇਤਰ ਵਿੱਚ ਵੀ ਵਿਸ਼ੇਸ਼ ਮੁਹਾਰਤ ਰੱਖਦੇ ਸਨ। ਉਹ 2005 ਤੋਂ ਹੁਣ ਤਕ ਅੰਤਰਰਾਸ਼ਟਰੀ ਮੈਗਜੀਨ 'ਮਹਿਕ ਵਤਨ ਦੀ' ਦੇ ਸੁਪਰਸਤ ਰਹੇ ਹਨ। ਉਨ੍ਹਾਂ ਕਈ ਨਵੇਂ ਲੜਕਿਆਂ ਨੂੰ ਪੱਤਰਕਾਰੀ ਦੀਆਂ ਬਰੀਕੀਆਂ ਤੋਂ ਜਾਣੂੰ ਕਰਵਾਇਆ ਹੈ।

11 ਜਨਵਰੀ 2016 ਨੂੰ ਢਾਡੀ ਕਲਾ ਦਾ ਇਹ ਥੰਮ ਡਿੱਗ ਪਿਆ। ਸਰੀਰਕ ਤੌਰ 'ਤੇ ਤਾਂ ਇਹ ਕੜਕਦੀ ਆਵਾਜ਼ ਥੰਮ੍ਹ ਗਈ ਪਰ ਉਹਨਾਂ ਦੇ ਲਿਖੇ ਗੀਤ ਤੇ ਗਾਏ ਢਾਡੀ ਪ੍ਰਸੰਗ ਰਹਿੰਦੀ ਦੁਨੀਆਂ ਤੱਕ ਵਜਦੇ ਰਹਿਣਗੇ। ਅਲਬੇਲਾ ਨਾਂਅ ਹਮੇਸ਼ਾ ਜਿਉਂਦਾ ਰਹੇਗਾ।






# ਪੰਜਾਬੀ ਫਿਲਮ ਇੰਡਸਟਰੀ ਦੀ ਰੂਹ -ਨਿਰਮਲ ਰਿਸ਼ੀ

ਮੇਰੇ ਅਤੀ ਸਤਿਕਾਰਯੋਗ ਨਿਰਮਲ ਰਿਸ਼ੀ ਜੀ ਹਰ ਫਿਲਮ ਚ' ਆਪਣੇ ਕਿਰਦਾਰ ਨੂੰ ਆਪਣੇ ਤਰੀਕੇ ਨਾਲ ਇਸ ਤਰਾਂ ਨਿਭਾਉਂਦੇ ਹਨ ਕਿ ਫਿਲਮ ਚ' ਉਨਾਂ ਦਾ ਕਿਰਦਾਰ ਫ਼ਿਲਮੀ ਨਹੀਂ ਸਗੋਂ ਅਸਲ ਜ਼ਿੰਦਗੀ ਦਾ ਇਕ ਹਿੱਸਾ ਜਾਪਦਾ ਹੈ ਪਰ ਉਦੋਂ ਅਫਸੋਸ ਹੁੰਦਾ ਹੈ । ਜਦੋਂ ਫਿਲਮ ਫੇਯਰ ਐਵਾਰਡ ਪ੍ਰੋਗਰਾਮਾਂ ਚ' ਜ਼ਿੰਦਗੀ ਦਾ ਹਰ ਸਾਹ ਕਲਾ ਚ' ਨਿਭਾ ਚੁਕੀ ਨਿਰਮਲ ਰਿਸ਼ੀ ਵਰਗੀ ਕਲਾਕਾਰ ਨੂੰ ਸਨਮਾਨਤ ਤਾਂ ਇਕ ਪਾਸੇ ਰਿਹਾ ਤੇ ਪੂਰੀ ਤਰਾਂ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ।

ਮੈਂ ਜਾਣਦਾ ਹਾਂ ਕਿ ਇਹ ਐਵਾਰਡ ਪੇਡ ਹੁੰਦੇ ਹਨ ਭਾਵ ਫਿਲਮ ਨੂੰ ਹਿੱਟ ਜਾਂ ਅਮਰ ਕਰਨ ਦੇ ਮੁੱਲ ਦੇ ਤਰੀਕੇ ਹੁੰਦੇ ਹਨ ।ਪਰ ਕਲਾ ਖੇਤਰ ਚ' ਆਪਣੀ ਜ਼ਿੰਦਗੀ ਹੰਢਾ ਚੁਕੇ ਨਿਰਮਲ ਰਿਸ਼ੀ ਵਰਗੇ ਕਲਾਕਾਰਾਂ ਨੂੰ ਇਨਾਂ ਸ਼ੋਆਂ ਚ' ਬੁਲਾਉਣਾ ਵੀ ਉਚਿਤ ਨਹੀਂ ਮੰਨਿਆਂ ਜਾਂਦਾ। ਨਿਰਮਲ ਰਿਸ਼ੀ ਜੀ ਉਹ ਅਦਾਕਾਰਾ ਹੈ ਜੋ ਆਪਣੇ ਸੀਨ ਦੇ ਇਕ ਇਕ ਸ਼ਾਟ ਨੂੰ ਆਪਣੀ ਅਦਾਕਾਰੀ ਦੇ ਰੰਗ ਚ' ਇਸ ਤਰਾਂ ਪਰੋਅ ਦਿੰਦੀ ਹੈ ਕਿ ਫਿਲਮ ਐਡੀਟਰ ਦੋਚਿਤੀ ਚ' ਪੈ ਜਾਂਦਾ ਹੈ ਕਿ ਕਿਹੜਾ ਸ਼ਾਟ ਕੱਟਾਂ ਜਾਂ ਕਿਹੜਾ ਰਖਾਂ।

ਮੇਰੀ ਸੋਚ ਹੈ ਕਿ ਮੈਂ ਕਦੇ ਖੁਦ ਉਨਾਂ ਤੋਂ ਅਦਾਕਾਰੀ ਦੀ ਗੁੜਤੀ ਲਵਾਂ ਤੇ ਹਾਂ ਜੇ ਵਾਹਿਗੁਰੂ ਨੇ ਚਾਹਿਆ ਤਾਂ ਮੈ ਆਪਣੀ ਵੱਡੀ ਕਾਸਟ ਵਾਲੀ ਮੂਵੀ ਲਈ ਜਲਦੀ ਉਨਾਂ ਨੂੰ ਕਾਸਟ ਕਰਾਂਗਾ ਕਿਓਂਕਿ ਮੈਂ ਉਹਨਾਂ ਤੋਂ ਇਕ ਬੇਹਤਰੀਨ ਕੁਝ ਕਰਵਾਉਣਾ ਚਾਉਂਦਾ ਹਾਂ ਜੋ ਸਿਰਫ ਨਿਰਮਲ ਰਿਸ਼ੀ ਹੀ ਕਰ ਸਕਦੇ ਹਨ ਸੋ ਮੈਂ ਉਨਾਂ ਦੀ ਲੰਮੀ ਉਮਰ ਦੀ ਦੁਆ ਕਰਦਾ ਹਾਂ ਕਿ ਅਸੀਂ ਗੁਲਾਬੋ ਮਾਸੀ ਉਰਫ ਨਿਰਮਲ ਰਿਸ਼ੀ ਜੀ ਦੀ ਬੇਹਤਰੀਨ ਅਦਾਕਾਰੀ ਦਾ ਆਨੰਦ ਮਾਨ ਸਕੀਏ।

– ਡਾ. ਮਨਜੀਤ ਸਿੰਘ ਸਰਾਂ



Scanned with CamScanner




# ਪੱਤਾ ਪੱਤਾ ਹੋ ਬਿਖ਼ਰ ਰਹੇ ਰੁੱਖ਼



ਡਾ.ਅਮਰਜੀਤ ਟਾਂਡਾ (ਸਿਡਨੀ) ਆਸਟ੍ਰੇਲੀਆ

ਸਮਾਜ ਟੁੱਟ ਰਿਹਾਹੈ ਘਰੇਲੂ ਬੂਟਾ ਪੱਤਾ 2 ਹੋ ਬਿਖ਼ਰ ਰਿਹਾ ਹੈ-ਹੀਰ ਰਾਂਝੇ ਨੇ ਜੋ ਕਸਮਾਂ ਖਾਧੀਆਂ ਸਨ, ਸੱਭ ਨਦੀ ਚ ਵਹਿ ਰਹੀਆਂ ਹਨ-ਪਹਿਲਾਂ ਪਹਿਲ ਅਜੇ ਰਾਂਝਾ ਹੀ ਬੋਲਦਾ ਹੁੰਦਾ ਸੀ ਤੇ ਹੀਰ ਪਿਆਰ ਨਾਲ ਕੰਨ ਲਾ 2ਸੁਣਿਆ ਕਰਦੀ ਸੀ-ਉਹ ਦਿਨ ਆਏ ਤੇ ਰਾਂਝੇ ਨੇ ਹੀਰ ਦੀ ਵੀਣੀ ਫ਼ੜ ਕੇ ਇਕਰਾਰ ਕੀਤੇ-ਦਿਨ ਬੀਤਦੇ ਗਏ, ਬੱਚੇ ਵੱਡੇ ਹੋਏ-ਹੁਣ ਹੀਰ ਬੋਲਣ ਲੱਗੀ, ਰਾਂਝੇ ਨੇ ਸੁਣਨਾ ਸੁਰੂ ਕੀਤਾ, ਦਿਲਾਂ ਚ ਕਰੋਧ ਵਸਣ ਲਗ ਪਿਆ-ਗੁਆਢੀ ਸੁਣਨ ਲਗ ਪਏ-ਨਿੱਕੀ 2 ਗੱਲ ਵੀ ਚੁੱਭਣ ਲਗ ਪਈ-ਤਾਹਨੇ ਮਿਹਣਿਆਂ ਨੇ ਸਾਹਾਂ ਚਕੁੜੱਤਣ ਘੋਲਣੀ ਸੁਰੂ ਕਰ ਦਿਤੀ-ਕੁੱਟਮਾਰ ਸੁਰੂ ਹੋ ਗਈ-ਗਾਲੋ ਗਾਲ੍ਹੀ -ਗਲ ਤਲਾਕ ਵੱਲ ਤੁਰਨ ਲਗ ਪਈ-ਨਿੱਕੀ ਜੇਹੀ ਗੱਲ ਨੇ ਸੁਹਾਗ ਰਾਤ ਵਰਗੇ ਦਿਨ ਮਿੱਟੀ ਚ ਮੇਲ ਦਿਤੇ ਹਨ-ਨੂੰਹ ਧੀ ਨਾ ਬਣ ਸਕੀ,ਪੁੱਤ ਕਪੁੱਤ ਹੋ ਗਿਆ-ਪਿਆਰ ਮੋਹ ਚੁਰਾਹੇ ਚ ਖਿੱਲਰ ਗਿਆ- ਪੱਤਾ 2 ਹੋ ਬਿਖ਼ਰ ਰਹੇ ਹਨ ਰੁੱਖ਼ । ਮੜ੍ਹੀਆਂ ਮਸੀਤਾਂ ਸੰਤਾਂ ਦੇ ਦਰ ਨੀਵੇਂ ਕਰ ਕੇ ਲਈ ਔਲਾਦ, ਬੱਚੇ ਵੱਡੇ ਹੋਏ-ਹਿੱਕਾਂ ਚੌੜੀਆ ਹੋਈਆਂ, ਬਹੁਤ ਚਾਵਾਂ ਨਾਲ ਉਹਨਾਂ ਨੂੰ ਪਾਲਿਆ, ਪੜ੍ਹਾਇਆ, ਉਹ ਵੀ ਕਹਿਣੇ ਤੋਂ ਬਾਹਰ ਨਿਕਲ ਹੋ ਤੁਰੇ- ਅਤੀਤ ਨੂੰ ਝੂਰਨ ਲਗ ਪਏ-ਮਾੜੇ ਕਰਮਾਂ ਨੂੰ ਕੋਸਣ ਲਗੇ ਮਾਪੇ-ਹਰ ਕੋਈ ਨੇੜੇ ਬੈਠਣੋਂ ਗੁਰੇਜ਼ ਕਰਨ ਲੱਗਾ-

ਬਾਪੂ ਨੇ ਰਾਤ ਦਿਨ ਇੱਕ ਕਰਕੇ ਘਰ ਬਾਰ ਬਣਾ ਕੇ ਦਿਤਾ-ਭੁੱਖਾ ਰਹਿ 2 ਕਿਸ਼ਤਾਂ ਨਾਲ ਹੋਕੇ ਤਾਰੀਆਂ-ਪਹਿਲਾਂ ਘਨ੍ਹੇੜੀ ਚੜ੍ਹਾ ਖਿਡਾਇਆ-ਜੋ ਜੋੜ੍ਹਿਆ ਸੀ-ਟਕਾ 2 ਪੁੱਤ ਨੂੰਹ ਨੂੰ ਫੜਾ ਦਿਤਾ, ਓਸ ਨੂੰ ਕੀ ਪਤਾ ਸੀ ਕਿ ਇਹ ਕੱਲ ਨੂੰ 2 ਟੈਮ ਰੋਟੀ ਤੋਂ ਵੀ ਦੁਰਕਾਰ ਦੇਣਗੇ !! ਇਕ 2 ਦਮੜੀ ਪੈਸਾ ਜ਼ਮੀਨ ਲੈਣ ਵੇਲੇ ਬਾਪੂ ਦੀ ਖ਼ੂਬ ਸੇਵਾ ਹੋਈ- ਨੂੰਹ ਨੇ ਵੀ ਕਸਰ ਨਾ ਰਹਿਣ ਦਿਤੀ-ਚੋਣਾਂ ਵਾਂਗ ਓਸੇ ਦਿਨ ਹੀ ਜਲਾਲਾਬਾਦ ਚ ਬਿਜਲੀ ਦੇ ਕੱਟ ਲਗ ਗਏ ਸ਼ਾਮ ਨੂੰ -ਜਦੋਂ ਬਾਪੂ ਨੇ ਹੱਥ ਕੀ ਲੱਤਾਂ ਵੀ ਆਪ ਵੱਢ ਕੇ ਦੇ ਦਿਤੀਆਂ-ਬਾਪੂ ਨੂੰ ਘਰੋਂ ਤੋਰ ਦਿਤਾ ਆਪਣੇ ਹੀ ਖ਼ੂਨ ਨੇ-ਅੱਜ ਕਈ ਮਾਪਿਆਂ ਦੇ ਕਮੀਜਾਂ ਹੇਠ ਪਾਟੀਆਂ ਬਨੈਣਾਂ ਹਨ, ਪਰ ਪੁੱਤ ਪੋਤੇ ਨਾਈਕੀ ਪਹਿਨਦੇ ਹਨ, ਬਾਪੂ ਦੇ ਟੁੱਟੇ ਛਿੱਤਰਾਂ ਵੱਲ ਨੂੰਹ ਦੀ ਹੁਣ ਨਜ਼ਰ ਵੀ ਨਹੀ ਹੈ ਜਾਂਦੀ-ਜਾਵੇ ਵੀ ਕਿਉਂ ਕਿਉਂਕਿ ਉਹੀ ਹੁਣ ਬਾਪੂ ਜੀ ਤੋਂ ਬੁਢਾ, ਠੇਠਰ, ਖੰਊਂ 2 ਦੀ ਬੀਮਾਰੀ ਬਣ ਗਿਆ ਹੈ-ਬੱਚਿਆਂ ਨੂੰ ਓਹੀ ਨੂੰਹ ਬੁੱਕਲ ਚੋਂ ਖੋ ਕੇ ਲੈ ਜਾਂਦੀ ਹੈ ਕਿਤੇ ਬੀਮਾਰੀ ਨਾ ਲਗ ਜਾਵੇ ਇਸ ਬੁੱਢੇ ਰੋਗੀ ਕੋਲੋਂ- ਸੱਸ ਦੀ ਵੀ ਚੱਲਣੋਂ ਹਟ ਗਈ ਹੈ-ਉਹ ਵੀ ਕੀ ਕਰੇ, ਬਾਹਰ ਵਲੈਤ ਚ ਅਗਲਿਆਂ ਦਾ ਘਰ ਹੈ-ਉਹ ਤਾਂ ਬੱਚਿਆਂ ਦੇ ਸੰਭਾਲਕ ਬਣ ਕੇ ਰਹਿ ਗਏ ਹਨ- ਬੱਚਿਆਂ ਨੂੰ ਸਕੂਲੇ ਛੱਡਣਾ ਤੇ ਘਰ ਲਿਆਉਣਾ-ਤੇ ਬਾਕੀ ਸਮੇ ਨੂੰਹ ਪੁੱਤ ਦੀਆ ਕੋਰੀਆਂ ਕਰਾਰੀਆ ਸੁਣਨੀਆ-ਇਹ ਨਿੱਤ ਦਾ ਵਿਹਾਰ ਰਹਿ ਗਿਆ ਹੈ- ਕਈ ਬਾਪ ਪਹਿਲਾਂ ਹੀ ਕਬਰਾਂ ਚ ਬੋਰੀਆਂ ਦੇ ਬਸਤਰ ਬਣਾ, ਰਹਿਣ ਲਗ ਪਏ ਹਨ- ਉਹਨਾਂ ਨੇ ਚਾਰ ਪੁੱਤਾਂ ਦੇ ਮੋਢੇ ਦਾ ਸਹਾਰਾ ਵੀ ਛੱਡ ਦਿਤਾ ਹੈ-ਤੇ ਪਹਿਲਾਂ ਹੀ ਓਥੇ ਟਿਕਾਣਾ ਬਣਾ ਲਿਆ ਹੈ ਜਿੱਥੇ ਬਾਦ ਚ ਸਾਰਿਆਂ ਹੀ ਜਾਣਾ ਹੈ-ਕਿੰਨੀ ਗਰਕ ਗਈ ਹੈ ਸੋਚਣੀ- ਜਿਹਨੂੰ ਕਦੇ ਗਰਮ ਹਵਾ ਨਹੀ ਸੀ ਲੱਗਣ ਦਿਤੀ ਉਹ ਪਾਣੀ ਦਾ ਗਲਾਸ ਵੀ ਨਹੀ ਹੈ ਪੁੱਛ ਰਿਹਾ-ਨਿੱਘਰ ਚੱਲਿਆ ਹੈ ਸਮਾਜ ਦਾ ਕਣ 2-ਏਹੀ ਹੈ ਨਰਕ ਹੈ ਲੋਕੋ-ਹੋਰ ਨਹੀ ਹੈ ਕਿਤੇ ਨਰਕ ਸੁਰਗ।

ਕੀ ਕਰੋਗੇ ਭਾਰੀ ਕਿਸ਼ਤਾਂ ਤੇ ਲਈਆਂ ਕੋਠੀਆਂ ਕੋਠਿਆਂ ਨੂੰ-ਖਾਲੀ ਪਏ ਰਹਿਣਗੇ ਇਹ ਇਕ ਦਿਨ-ਜਦੋਂ ਤੁਹਾਡੇ ਵੀ ਜਾਇਆਂ ਨੇ ਏਸੇ ਤਰ੍ਹਾਂ ਠੀਕਰੇ ਚ ਪਾਣੀ ਪਿਆਇਆ ਤਾਂ-ਓਦੋਂ ਯਾਦ ਕਰੋਗੇ ਮੇਰੀਆਂ ਇਹਨਾਂ ਸਤਰਾਂ ਨੂੰ-ਹੁਣ ਚਾਹੇ ਗਾਲ੍ਹਾਂ ਕੱਢੋਗੇ-ਪਰ ਮੈਂ ਤੁਹਾਡੀਆਂ ਗਾਲ੍ਹਾਂ ਖਿੜੇ ਮੱਥੇ ਸਵੀਕਾਰ ਕਰਾਂਗਾ ਤੇ ਤੁਹਾਡੇ ਗੁੱਸੇ ਗਿਲ੍ਹੇ ਨੂੰ ਵੀ-ਤੁਸੀ ਮੇਰੇ ਨਿੱਕੇ ਵੱਢੇ ਭਰਾ ਜਿਉਂ ਲਗਦੇ ਹੋ-ਤੇ ਤੁਹਾਡੀਆਂ ਸਾਥਣਾਂ ਮੇਰੀਆਂ ਭਾਬੀਆਂ ਵਾਂਗ-ਬਹੁਤ ਕੁਝ ਕਹਿ ਸਕਦੀ ਹੈ ਇੱਕ ਭਾਬੀ ਦਿਉਰ ਨੂੰ-ਯਾਰ ਜਰਾ ਸੋਚੀਏ ਤਾਂ ਸਈ-ਕਿਹੋ ਜੇਹੇ ਭਵਿੱਖ ਦੀ ਸਿਰਜਣਾ ਕਰ ਰਹੇ ਹਾਂ ਆਪਾਂ-ਸੁੰਨ੍ਹੇ ਰਾਹੀਂ ਕੌਣ ਜਾਵੇਗਾ ਫਿਰ-ਹਾਉਕਿਆਂ ਦੀ ਸਾਰ ਕੌਣ ਲਏਗਾ ਓਸ ਵੇਲੇ-ਕਿਹੜਾ ਰੁੱਖ ਲਾਏਗਾ ਗਲ੍ਹ ਨੂੰ -ਜਦੋਂ ਪਲਕਾਂ ਚੋਂ ਹੰਝੂਆਂ ਦੇ ਹੜ੍ਹ ਵਗਦੇ ਹੋਏ ਤਾਂ-ਕਿਸੇ ਨੇ ਓਦੋਂ ਨੇੜੇ ਨਹੀ ਹੈ ਢੁੱਕਣਾਂ- ਹੁਣ ਭਾਵੇਂ ਜਿੰਨੀਆਂ ਮਰਜ਼ੀ ਛਾਤੀਆਂ ਤਾਣ ਲਓ-ਇਹਨਾਂ ਹੀ ਸੀਨਿਆਂ ਨੇ ਫਿਰ ਪਿਆਰ ਮੁਹੱਬਤ ਨੂੰ ਤਰਸਦਿਆਂ ਮਰ ਜਾਣਾ ਹੈ-

ਕਹਿੰਦੇ ਨੇ ਦੁੱਖ ਦੱਸਿਆਂ ਤੇ ਰਿਸ਼ਤੇ ਰੱਖਿਆਂ ਹੀ ਰਹਿੰਦੇ ਨੇ-ਖੁਸੀ ਵੰਡਿਆਂ ਤੇ ਮੁੰਡਾ ਚੰਡਿਆਂ ਹੀ ਠਕਿ ਰਹਿੰਦਾ ਹੈ !- ਸ਼ਰੀਕ ਸਦਾ ਹੀ ਸੜ੍ਹਦੇ ਨੇ ਸਜੇ ਬਨੇਰੇ ਦੇਖ 2, ਅੱਜਕਲ ਤਾਂ ਦੋਸਤ ਵੀ ਦੋਸਤ ਨਹੀ ਦਿਸਦਾ-ਹਰ ਕੋਈ ਵੈਰੀ ਜਿਹਾ ਬਣਿਆ ਦਿਸਦਾ ਹੈ-ਕੋਈ ਕਿਸੇ ਨੂੰ ਹੱਸ ਕੇ ਬੁਲਾ ਕੇ ਨਹੀਂ ਹੈ ਰਾਜ਼ੀ, ਅਜੇ ਗੋਰੇ ਗੋਰੀਆਂ ਗੁੱਡ ਮਾਰਨਿੰਗ ਕਹਿ ਕੇ ਲੰਘਦੀਆਂ ਨੇ- ਤੇ ਆਪਣਾ ਦੇਖਦਾ ਰਹੂ ਕਿ ਇਹ ਬਲਾਅ ਲੰਘੇ ਤਾਂ ਮੈਂ ਵੀ ਲੰਘਾਂ-

ਅਸੀਂ ਘਰ 2 ਚਿੰਤਾ ਨਾਲ ਮਰ ਰਹੇ ਹਾਂ, ਦੁੱਖ ਪੀੜ ਕਈਆਂ ਨੂੰ ਹੈ ਪਰ ਦੱਸਦਾ ਕੋਈ ਨਹੀ ਹੈ- ਸਗੋਂ ਕਚਹਿਰੀਆਂ ਵਕੀਲਾਂ ਦੇ ਘਰ ਭਰੀ ਜਾ ਰਹੇ ਹਾਂ-ਗੱਲ ਕੀ ਪੰਜਾਬੀ ਵੈਲਫੇਅਰ ਤੇ ਕਲਚਰਲ ਆਸੋਸੀਏਸਨ ਸਿਡਨੀ ਆਸਟ੍ਰੇਲੀਆ ਵੱਲੋ 'ਅਸੀਂ ਕੁਝ ਸਿਆਣੇ ਬਜੁਰਗਾਂ ਤੇ ਔਰਤਾਂ ਦੀ ਮਦਦ, ਤਜੁਰਬਾ, ਸੇਧ ਲੈ ਕੇ ਇਹੋ ਜੇਹੀ ਟੁੱਟ ਭੱਜ ਨੂੰ ਮੁਰੰਮਤ ਕਰਨ ਲਈ ਸੋਚਿਆ ਹੈ-ਹਰੇਕ ਦੀ ਜਾਣਕਾਰੀ ਤੇ ਪੂਰਾ ਕਾਬੂ ਜਾਣੀ ਭੇਦ ਭਰੀ ਰੱਖਿਆ ਜਾਵੇਗਾ ਕਿ ਕਿਸੇ ਨੂੰ ਧੂੰਅ ਵੀ ਨਾ ਨਿੱਕਲੇ-ਜੇ ਕਿਸੇ ਦੇ ਇਹੋ ਜੇਹੀ ਦਰਦ, ਸੱਟ, ਪੀੜ, ਚੀਸ ਪੈਂਦੀ ਹੋਵੇ ਤਾਂ ਸਾਨੂੰ ਭਾਈ ਦੋਸਤੋ ਸੰਪਰਕ ਕਰੋ-ਕੋਸ਼ਿਸ ਕਰਾਂਗੇ ਕਿ ਅਜਿਹਾ ਭਾਣਾ ਜਾਣੀ ਤਲਾਕਾਂ ਦੀ ਨੌਬਤ, ਬੱਚਿਆਂ ਦੀ ਨਾਆਗਿਆਕਾਰੀ, ਘਰਾਂ ਚ ਕੁੱਟਮਾਰ ਨਾ ਹੋਵੇ -ਹਾਂ ਕਈ ਕਹਿਣਗੇ ਇਹਦਾ ਕੋਈ ਆਪਣਾ ਮਕਸਦ ਹੋਵੇਗਾ ਏਸ ਚ- ਹਾਂ ਮੇਰਾ ਆਪਣਾ ਮਕਸਦ ਬਹੁਤ ਹੀ ਵੱਡਾ ਹੈ- ਕਿ ਕਿਸੇ ਘਰ ਚ ਤਰੇੜ ਦੀ ਨੌਬਤ ਨਾ ਆਵੇ, ਬੱਚਿਆਂ ਚ ਆਗਿਆਕਾਰੀ ਵਧੇ, ਘਰਾਂ ਚ ਕੁਟਮਾਰ ਨਾ ਜਨਮੇ, ਬਜੁਰਗਾਂ ਦਾ ਸਤਿਕਾਰ ਵਧੇ -ਇਹੀ ਮੇਰਾ ਆਪਣਾ ਮਕਸਦ ਹੈ ਤੇ ਚਾਅ ਵੀ ਹੈ ਤੇ ਦਿੱਲ ਦੀ ਉਮੰਗ ਵੀ ਜੋ ਤੁਹਾਡੇ ਹੀ ਸਹਿਯੋਗ ਨੇ ਪੂਰੀ ਕਰਨੀ ਹੇ-ਆਓ ਅੱਜ ਤੋਂ ਪਰਣ, ਪ੍ਰਤਿਗਿਆ ਕਰੀਏ-ਇਹ ਆਪਣੇ ਹੀ ਮਨ ਚ ਕੌਮਲਈ ਵਾਇਦਾ ਕਰੀਏ ਕਿ ਹਰੇਕ ਨੂੰ ਪਿਆਰ ਨਾਲ ਬੁਲਾਈਏ, ਸਤਿਕਾਰ ਦੇਇਏ ਤੇ ਆਪਣੀ ਰੋਜ਼ ਦੀ ਜਿੰਦਗੀ ਚੋਂ ਚਿੰਤਾਵਾਂ, ਫਿਕਰ ਉਦਾਸੀਆਂ ਆਪੇ ਹੀ ਦੂਰ ਦੌੜ ਜਾਣਗੀਆਂ-ਕਈਆਂ ਨੇ ਕਿਹਾ ਹੈ ਕਿ ਗੱਲਾਂ ਤਾਂ ਚੰਗੀਆਂ ਨੇ ਪਰ ਕਿਸੇ ਤੇ ਕੋਈ ਅਸਰ ਨਹੀ ਜੇ ਹੋਣਾ-ਦੋਸਤੋ ਦਰ ਖੋਲ੍ਹਿਆ ਹੈ ਬਾਕੀ ਤੁਹਾਡੀ ਮਰਜ਼ੀ ਹੈ-ਡਾਕਟਰ ਦੁੱਖ ਦੱਸਿਆਂ ਹੀ ਇਲਾਜ ਦੱਸਦੇ ਹਨ-ਬਾਕੀ ਅਸੀਂ ਕੋਈ ਗਿਨੀਅਜ ਬੁੱਕ ਚ ਨਾਂ ਲਿਖਵਾਉਣ ਦਾ ਦਾਅਵਾ ਨਹੀ ਕਦੇ ਕੀਤਾ-ਸਾਰੀ ਸੇਵਾ ਮੁਫ਼ਤ ਹੈ ਹਰ ਵੇਲੇ ਹੈ, ਹਰੇਕ ਵਾਸਤੇ ਹੈ-ਤੁਹਾਡੀਆ ਮੰਦੀਆ ਚੰਗੀਆਂ ਵੀ ਸੁਣਾਗੇ -ਦਿੱਲ ਕਰਦਾ ਹੈ ਆਪਣੇ ਪਿੰਡ ਦੀ ਪੰਚੈਤ ਚ ਹੀ ਮਾਮਲਾ ਖਤਮ ਹੋ ਜਾਵੇ ਤੇ ਅਸੀਂ ਸਾਰੇ ਘਰ 2 ਖੁਸੀ ਖੇੜ੍ਹਿਆਂ ਚ ਵਸੀਏ ਤੇ ਇਕ ਦੂਜੇ ਨੂੰ ਪਿਆਰ ਸਤਿਕਾਰ ਦੇ ਕੇ ਇਹ ਨਿੱਕਾ ਜੇਹਾ ਜੀਵਨ ਖੁਸੀ 2 ਬਸਰ ਕਰੀਏ ਨਾ ਕੇ ਰੋਸਿਆਂ ਚ ਹੀ ਜਿੰਦਗੀ ਨੂੰ ਗਾਲ੍ਹ ਕੇ ਤੁਰਦੇ ਲੱਗੀਏ-ਫਿਰ ਕਿਹੜੇ ਕੰਮ ਆਵੇਗੀ ਇਹ ਆਰਜੂ ਤੇ ਸੁਪਨਿਆ ਦੇ ਬਣਾਏ ਮਹਿਲ-ਸੋਚ ਕੇ ਦੱਸਣਾਂ ਜਰਾ- ਮੈ ਤੁਹਾਡੀ ਹਾਂ ਨਾਂਹ ਦੀ ਉਡੀਕ ਕਰਾਂਗਾ-ਇਹੀ ਮੇਰੀ ਨਿੱਕੀ ਜੇਹੀ ਅਰਜ਼ ਹੈ, ਪੂਰੀ ਉਮੀਦ ਹੈ ਕਿ ਤੁਸੀ ਜਰੂਰ ਕਬੂਲ, ਮਨਜੂਰ ਕਰੋਗੇ ਤੇ ਸਹਿਯੋਗ ਦੇ ਨਾਲ 2 ਸੁਝਾਅਵੀ ਪੱਲੇ ਪਾਓਗੇ- ਕਿਸੇ ਨੇ ਕਿਹਾ ਸੀ ਮੈਨੂੰ ਕਿ ਸੌ ਜ਼ੋਰ ਲਾ ਲਈਂ, ਜੇ ਤੇਰਾ ਕੰਮ ਸਿਰੇ ਚੜ੍ਹ ਗਿਆ ਤਾਂ ਕਹਿ ਦਈਂ-ਹੁਣ ਮੈਂ ਤੁਹਾਡਾ ਪੱਕਾ ਹੁੰਗਾਰਾ ਭਾਲਾਂਗਾ ਰੋਜ਼, ਤੇ ਆਪਾਂ ਰਲਮਿਲ ਇਹ ਕਹਿਣਾ ਗਲਤ ਸਾਬਤ ਕਰ ਕੇ ਹੀ ਵਿਖਾਉਣਾ ਹੈ- ਤੁਸੀਂ ਆਪ ਹੀ ਜਿੰਮੇਵਾਰੀ ਨਾਲ ਸਾਡਾ ਸਾਥ ਦੇਵੋਗੇ-ਸ਼ੁਕਰੀਆ ਮਿਹਰਬਾਨੀ- ਤੁਹਾਡੀਆ ਮੰਦੀਆ ਚੰਗੀਆਂ ਸੁਣਨ ਲਈ ਮੇਰਾ ਨੰਬਰ ਹੈ-0417 271 147-ਏਹੀ ਇੱਕ ਅਰਜ਼ ਤੇ ਫ਼ਰਜ਼ ਹੈ ਮੇਰਾ ਜੇ ਕਿਤੇ ਨੇਪਰੇ ਚਾੜ੍ਹ ਦੇਵੋਂ ਤਾਂ !!!-




ਸਮਾਜ ਸੇਵਕ ਸ. ਸੁਖਦੇਵ ਸਿੰਘ ਬਰਾੜ (ਸਿਟੀ ਪ੍ਰਧਾਨ ਐਨ.ਜੀ.ਓ. ਮੋਗਾ) ਦੀ ਧਰਮ ਪਤਨੀ ਸ੍ਰੀ ਮਤੀ ਅਮਰਜੀਤ ਕੌਰ ਵੱਲੋਂ ਖ਼ੂਨਦਾਨ ਕਰਨ ਸਮੇਂ ਉਨ੍ਹਾਂ ਨੂੰ ਸਨਮਾਨਿਤ ਕਰਦੇ ਹੋਏ ਰੂਰਲ ਐਨ.ਜੀ.ਓ. ਕਲੱਬਜ ਮੋਗਾ ਦੇ ਚੇਅਰਮੈਨ ਮਹਿੰਦਰ ਪਾਲ ਲੂੰਬਾ ਅਤੇ ਖਟੀਕ ਮਹਾ ਸਭਾ ਦੇ ਮੈਂਬਰ।

**CLASSIFIED ADVT. / ਕਲਾਸੀਫਾਈਡ ਇਸ਼ਤਿਹਾਰ**

**ਪਲਾਟ ਵਿਕਾਊ**

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

**ਸੰਪਰਕ ਕਰੋ: 98141-21463**

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

Scanned with CamScanner

# ਸ਼ਾਹਜਹਾਂ ਅਜੇ ਮਰਿਆ ਨਹੀਂ ਹੁਣ ਵੀ ਸਹਿਕਦਾ ਹੈ

ਭਾਰਤੀ ਇਤਿਹਾਸ ਵਿਚ ਸ਼ਾਹਜਹਾਂ ਨੂੰ ਇਕ ਕਲਾ ਪ੍ਰੇਮੀ ਬਾਦਸ਼ਾਹ ਕਿਹਾ ਜਾਂਦਾ ਹੈ ਜਿਸਨੇ ਆਪਣੀ ਮਹਿਬੂਬਾ ਬੇਗਮ ਦੀ ਯਾਦ ਵਿਚ ਤਾਮੀਰ ਕਰਵਾਇਆ ਸੀ। ਜਿਸਨੂੰ ਤਾਮੀਰ ਕਰਦੇ ਸਮੇਂ ਹਜ਼ਾਰਾਂ ਮਜ਼ਦੂਰਾਂ ਤੇ ਮਜ਼ਦੂਰਨੀਆਂ ਤੋਂ ਵਗਾਰ ਤੇ ਕੰਮ ਕਰਵਾਇਆ ਗਿਆ। ਇਕ ਪਾਸੇ ਉਹਨਾਂ ਮਜ਼ਦੂਰਨੀਆਂ ਦੇ ਨਿੱਕੇ ਬੱਚੇ ਦੁੱਧ ਦੀ ਤਿਪ ਲਈ ਵਿਲਕ ਰਹੇ ਹੁੰਦੇ ਸਨ ਜੇ ਉਹ ਆਪਣੇ ਬੱਚੇ ਵੱਲ ਧਿਆਨ ਦਿੰਦੀਆਂ ਸਨ ਤਾਂ ਸ਼ਾਹਜਹਾਂ ਦੇ ਅਹਿਲਕਾਰ ਉਹਨਾਂ ਦੇ ਛਾਂਟੇ ਮਾਰਦੇ ਸਨ ਕਿ ਕੰਮ ਘੱਟ ਹੋਇਆ ਹੈ। ਕੀ ਕਲਾ ਪ੍ਰੇਮੀ ਅਜਿਹੇ ਹੁੰਦੇ ਹਨ? ਤਾਜ ਮਹਿਲ ਦੀ ਬੁਨਿਆਦ ਤੋਂ ਲੈ ਕੇ ਅਜੂਬਾ ਬਣਨ ਤੱਕ ਕਿਸੇ ਨੇ ਵੀ ਹਜ਼ਾਰਾਂ ਮਜ਼ਦੂਰਾਂ ਮਜ਼ਦੂਰਨੀਆਂ ਦੀ ਆਹਾਂ ਨੂੰ ਹੁਣ ਤੱਕ ਦੇ ਦੇਸੀ, ਵਿਦੇਸ਼ੀ ਹੁਕਮਰਾਨਾਂ ਨੇ ਮਹਿਸੂਸ ਨਹੀਂ ਕੀਤਾ। ਉਹਨਾਂ ਲਈ ਮਜ਼ਦੂਰ ਕਿਸਾਨ ਤਾਂ ਮਜ਼ਦੂਰੀ ਜਾਂ ਕਿਸਾਨੀ ਕਰਨ ਲਈ ਪੈਦਾ ਹੋਏ ਹਨ। ਜਾਂ ਉਹਨਾਂ ਦੀਆਂ ਵੋਟਾਂ ਹਨ। ਚਾਹੇ ਉਹ ਖੁਦਕਸ਼ੀਆਂ ਕਰਕੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਨ ਤੇ ਭਾਵੇਂ ਭਾਜਪਾ ਦੇ ਆਗੂ ਭਗਵਤ ਕੌਲ (3680000000000) ਡਾਲਰ ਸਵਿਸ ਬੈਂਕ 'ਚ ਜਮ੍ਹਾਂ ਹੋਣ ਉਸਦੀ ਸੁਰਖੀ ਵੀ ਵਿਦੇਸ਼ੀ ਤੇ ਦੇਸੀ ਅਖ਼ਬਾਰਾਂ ਵਿਚ ਛਪਦੀ ਹੈ। ਹੁਕਮਰਾਨਾਂ ਦੀਆਂ ਬੱਸਾਂ ਵਿਚ ਆਈ.ਏ.ਐਸ. ਦੇ ਪਿਤਾ ਨੂੰ ਦਰੜ ਕੇ ਲੰਘ ਜਾਵੇ ਜਾਂ ਸਧਾਰਨ ਮਨੁੱਖ ਨੂੰ ਜਾਂ ਬੱਚੇ ਨੂੰ, ਲੁੱਟ ਖੋਹ ਗੁੰਡਾਗਰਦੀ ਦੇਖ ਕੇ ਇੰਜ ਲੱਗਦਾ ਹੈ ਕਿ ਅਜੋਕੇ ਸ਼ਾਹਜਹਾਂ ਦੀ ਮਾਨਸਿਕਤਾ ਨੇ ਸਫੇਦ ਦਾਹੜੇ ਰੱਖ ਕੇ ਦਸਤਾਰ ਤੇ ਸ੍ਰੀ ਸਾਹਿਬ ਧਾਰਨ ਕਰਨ ਵਾਲੇ ਸ਼ਾਸ਼ਕਾਂ ਨੇ ਧਾਰਨ ਕਰ ਲਈ ਹੋਵੇ। ਇਹ ਅਜੋਕੇ ਸਮੇਂ ਦਾ ਸੱਚ ਹੈ। ਜੇ ਇੱਕ ਆਗੂ ਕੋਲ ਸਵਿੱਸ ਬੈਂਕ 'ਚ 368 ਨੂੰ ਸੋਲਾਂ ਸਿਫ਼ਰਾਂ ਲਾ ਕੇ ਪੜ੍ਹਨ ਲਈ ਮੁਸ਼ਕਲ ਆ ਰਹੀ ਹੈ ਤਾਂ ਅੰਦਾਜ਼ਾ ਲਗਾਓ ਕਿ ਟਾਟਾ, ਥਾਪਰ, ਬਿਰਲਾ, ਸਿੰਘਾਨੀਆਂ ਤੇ ਹੋਰਨਾਂ ਦੇ ਕਿੰਨੇ ਰੁਪਏ ਜਮ੍ਹਾਂ ਹੋਣਗੇ ਜਿਨ੍ਹਾਂ ਬਾਰੇ ਅਜੋਕਾ ਪ੍ਰਧਾਨ ਮੰਤਰ ਵਿਦੇਸ਼ੀ ਖਾਤਿਆਂ ਨੂੰ ਬੇਪਰਦ ਕਰਨ ਦੀ ਬਾਤ ਕਰ ਰਿਹਾ ਸੀ। ਹੁਣ 'ਮਨ ਕੀ ਬਾਤ' 'ਚੋਂ ਇਹ ਰਕਮਾਂ ਮਨਫ਼ੀ ਹਨ। ਹਰ ਕੋਈ ਨੇਤਾ ਅਬਦੁਲ ਕਲਾਮ ਨਹੀਂ ਬਣ ਸਕਦਾ। ਸ਼ਾਸਤਰੀ ਨਹੀਂ ਬਣ ਸਕਦਾ। ਕੇਂਦਰੀ ਜੇਲ ਲਾਹੌਰ ਦੀ ਕੇਂਦਰੀ ਜੇਲ ਜਿੱਥੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ ਸੀ ਉਹ ਇਕ ਚੌਂਕ ਬਣ ਕੇ ਰਹਿ ਗਿਆ ਹੈ ਜਿਥੇ ਨਹਿਰੂ, ਗਾਂਧੀਆਂ ਜਾਂ ਜਿਨਾਹ ਨੂੰ ਦਫਨਾਇਆ ਹੈ ਉਹ ਕਈ ਏਕੜਾਂ ਦੇ ਫਾਰਮਾਂ ਵਿਚ ਹਨ। ਜਿਨ੍ਹਾਂ 'ਚ ਫੁੱਲ ਹਨ ਜੋ ਵਿਦੇਸ਼ੀ ਦੂਤਾਂ ਨੂੰ ਦਿਖਾਏ ਜਾਂਦੇ ਹਨ। ਕੀ ਕਿਸੇ ਨੇ ਉਹਨਾਂ ਕਿਰਤੀ ਹੱਥਾਂ ਨੂੰ ਅਜਿਹੇ ਕਾਮਿਆ ਨਾਲ ਮਿਲਾਇਆ? ਮੈਨੂੰ ਏਥੇ ਗੁਰਸ਼ਰਨ ਸਿੰਘ ਭਾਅ ਜੀ ਦੇ ਸ਼ਬਦ ਯਾਦ ਆ ਰਹੇ ਹਨ ਕਿ ਨਹਿਰੂ ਨੇ ਕਿਹਾ ਸੀ ਕਿ ਭਾਖੜਾ ਡੈਮ ਵੀਹਵੀਂ ਸਦੀ ਦਾ ਮੰਦਰ ਹੈ। ਪਰ ਇਸ ਮੰਦਰ ਵਿਚੋਂ ਮਜ਼ਦੂਰਾਂ ਨੂੰ ਇੰਜ ਬਾਹਰ ਕਰ ਦਿੱਤਾ ਗਿਆ (ਜਿਨ੍ਹਾਂ ਨੇ ਭਾਖੜਾ ਡੈਮ ਦੀ ਸਿਰਜਣਾ ਪੱਥਰ ਚੁੱਕ ਚੁੱਕ ਕੇ ਕਿਰਤੀ ਹੱਥਾਂ ਨਾਲ ਕੀਤੀ ਸੀ)। ਉਹ ਅਫ਼ਸਰਾਂ ਨੇ ਨਹਿਰੂ ਦੀ ਆਮਦ ਤੇ ਕੀਤੇ ਜਾ ਰਹੇ ਸਮਾਗਮ ਵਿਚ ਆਉਣ ਤੋਂ ਮਨ੍ਹਾਂ ਕਰ ਦਿੱਤਾ ਸੀ। ਕਿਉਂਕਿ ਗੁਰਸ਼ਰਨ ਸਿੰਘ ਭਾਅ ਜੀ ਉਸ ਡੈਮ ਤੇ ਉੱਚ ਅਫ਼ਸਰ ਸਨ ਉਹਨਾਂ ਦੇ ਮਨ ਨੇ ਮਜ਼ਦੂਰਾਂ ਦੀ ਵੇਦਨਾਂ ਨੂੰ ਮਹਿਸੂਸ ਕਰਕੇ ਕਿਹਾ ਸੀ "ਐ ਮੇਰੇ ਕਿਰਤੀ ਲੋਗੋ ਮੈਂ ਤੁਹਾਡੇ ਨਾਲ ਹਾਂ ਮੈਂ ਵੀ ਇਸ ਸਮਾਗਮ ਵਿਚ ਨਹੀਂ ਜਾਵਾਂਗਾ ਤੇ ਕੱਲ੍ਹ ਨੂੰ ਮੈਂ ਤੁਹਾਡੇ ਮਜ਼ਦੂਰਾਂ ਲਈ ਮਨੋਰੰਜਨ ਲਈ ਸਮਾਗਮ ਕਰਵਾਵਾਂਗਾ। ਉਹਨਾਂ ਅਨੁਸਾਰ ਉਸ ਨੇ ਤੇ ਉਸਦੇ ਹਮਖਿਆਲ ਸਾਥੀਆਂ ਬਲਰਾਜ ਸਾਹਨੀ ਵਰਗਿਆਂ ਨੇ ਗੁਰਬਖ਼ਸ਼ ਪ੍ਰੀਤਲੜੀ ਵਰਗਿਆਂ ਨੇ ਸ਼ਿਰਕਤ ਕੀਤੀ। ਨਾਟਕ ਖੇਡੇ ਗਏ ਮਜ਼ਦੂਰਾਂ ਦੀ ਸਥਿਤੀ ਤੇ ਸਰਕਾਰਾਂ ਦੀ ਬੇਰੁਖ਼ੀ ਤੇ ਗੀਤ ਗਾਏ ਗਏ। ਦੱਸਦੇ ਸਨ ਕਿ ਉਹਨਾਂ ਦੇ ਸਮਾਗਮ ਵਿਚ ਨਹਿਰੂ ਦੇ ਸਮਾਗਮ ਦੇ ਇਕੱਠ ਨਾਲੋਂ ਦੁੱਗਣਾ ਇਕੱਠ ਸੀ ਜੋ ਕਿ ਕਿਰਤੀਆਂ ਦਾ ਸੀ।

ਗੋਰਿਆਂ ਦੀ ਥਾਂ ਕਾਲੇ ਅੰਗਰੇਜ਼ਾਂ ਦੇ ਦੇਸ਼ ਵਿਚ ਵੀ ਕਿਸਾਨ ਮਜ਼ਦੂਰਾਂ ਤੇ ਕਿਸਾਨਾਂ ਦੇ ਘਰ ਵੋਟਾਂ ਹੀ ਜੰਮਦੀਆਂ ਹਨ ਤੇ ਵੋਟਾਂ ਹੀ ਮਰਦੀਆਂ ਹਨ। ਮੁਗ਼ਲ ਬਾਦਸ਼ਾਹ ਸ਼ਾਹਜਹਾਂ ਵਰਗੇ ਸ਼ੋਸ਼ਣ ਕਰਨ ਵਾਲੇ ਕਲਾ ਪ੍ਰੇਮੀ ਨੂੰ ਉਸ ਦੀ ਕਲਾ ਵਿਰੋਧੀ ਬਿਰਤੀ ਕਾਰਨ ਕੈਦ ਕੀਤਾ ਤੇ ਆਪਣੇ ਭਰਾਵਾਂ ਦੇ ਸਿਰ ਕਲਮ ਕਰਕੇ ਜੇਲਖਾਨੇ ਭੇਜੇ। ਉਸੇ ਤਰ੍ਹਾਂ ਅਜੋਕੇ ਸਮੇਂ ਵਿਚ ਵਰਤਮਾਨ ਹਾਕਮ ਆਪਣੇ ਪੁੱਤਰਾਂ ਦੇ ਸਿਰ ਤੇ ਤਾਜ ਦੇਖਣ ਲਈ ਲੋਕਾਂ ਦੇ ਪੁੱਤਰਾਂ ਦੇ ਸਿਰ ਕਲਮ ਕਰ ਰਹੇ ਹਨ। ਉਹ ਜ਼ਹਿਰਾਂ ਖਾ ਰਹੇ ਹਨ-ਖੁਦਕਸ਼ੀਆਂ ਕਰ ਰਹੇ ਹਨ, ਟੈਂਕੀਆਂ ਤੇ ਚੜ੍ਹ ਰਹੇ ਹਨ। ਜੇ ਇਨ੍ਹਾਂ ਦੇ ਸਰਕਾਰੀ ਅੰਕੜੇ ਪੜ੍ਹੀਏ ਤਾਂ ਪੰਜਾਬ ਦੀ ਪੌਣੇ ਤਿੰਨ ਕਰੋੜ ਆਬਾਦੀ 'ਚੋਂ ਢਾਈ ਪ੍ਰਤੀਸ਼ਤ ਪੜ੍ਹੇ-ਲਿਖੇ ਤਾਲੀਮ ਯਾਫਤਾ ਲੋਕ ਹਨ ਜਿਨ੍ਹਾਂ 'ਚ ਬੀ.ਏ.ਬੀ.ਐਡ., ਪਲੱਸ ਟੂ, ਬੀ.ਐਸ.ਸੀ., ਐਮ.ਐਸ.ਸੀ. ਲੋਕ ਹਨ ਜੋ ਇਹ ਹੁਣ ਤੱਕ ਇਹਨਾਂ ਲੋਕਾਂ ਨੂੰ ਰੁਜ਼ਗਾਰ ਨਹੀਂ ਦੇ ਸਕੇ ਤਾਂ ਫਰਜ਼ ਕਰੋ ਜੇ ਸਮੁੱਚਾ ਪੰਜਾਬ ਹੀ ਸੌ ਪ੍ਰਤੀਸ਼ਤ ਅਬਾਦੀ ਹੀ ਉੱਚ ਤਾਲੀਮ ਯਾਫਤਾ ਹੁੰਦੀ ਤਾਂ ਕੀ ਹੁੰਦਾ? ਫਿਰ ਸ਼ਾਹਜਹਾਂ ਦੇ ਪੁੱਤਰਾਂ ਦੇ ਸਿਰ ਕਲਮ ਕਰਨ ਵਾਂਗ ਇਹਨਾਂ ਦੇ ਸਿਰ ਕਲਮ ਹੋ ਜਾਣੇ ਸਨ। ਉਨ੍ਹਾਂ ਨੂੰ ਰੁਜ਼ਗਾਰ ਲਈ ਡਾਂਗਾਂ ਦੀ ਅੱਗ ਨਹੀਂ ਸੀ ਸੇਕਣੀ ਪੈਣੀ। ਅਨਪੜ੍ਹ ਮਜ਼ਦੂਰਾਂ ਤੇ ਕਿਸਾਨਾਂ ਦੇ ਬੱਚਿਆਂ ਨੂੰ ਚਿੱਟੇ ਨਸ਼ੇ ਦੇ ਆਦੀ ਹੋ ਕੇ ਜਾਂ ਇਸਦੀ ਭਲ ਪੂਰੀ ਕਰਨ ਲਈ ਪਰਸ ਜਾਂ ਚੈਨੀ ਸਨੈਚਰ ਜਾਂ ਹਜ਼ਾਰ ਦੋ ਹਜ਼ਾਰ ਖੋਹਣ ਵਾਲੇ ਲੁਟੇਰ ਨਹੀਂ ਬਣਨਾ ਪੈਣਾ ਸੀ। ਵੱਡੇ ਲੁਟੇਰੇ ਏ.ਟੀ.ਐਮ. ਪੁੱਟ ਕੇ ਲੈ ਗਏ ਜੋ ਅਜੇ ਤੱਕ ਵੀ ਬਰਾਮਦ ਨਹੀਂ ਹੋਇਆ।

ਕਿਸੇ ਸੂਬੇ ਦੀ ਤਰੱਕੀ ਦਾ ਰਾਜ ਉਥੋਂ ਦੇ ਪੜ੍ਹੇ-ਲਿਖੇ ਸਾਖਰ ਲੋਕਾਂ ਤੋਂ ਹੁੰਦਾ ਹੈ। ਨਸ਼ਾ ਰਹਿਤ ਲੋਕਾਂ ਤੋਂ ਹੁੰਦਾ ਹੈ। ਜੇ ਇੰਜ ਹੀ ਲੋਕ ਦਸਤਖਤ ਕਰਨ

- ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com


ਜੋਗੇ ਹੀ ਬਣਾਉਣੇ ਸਨ ਤਾਂ 1994-95 ਦੀ ਸਾਖਰਤਾ ਲਹਿਰ ਵਰਗਾ ਪਖੰਡ ਕਰਨ ਦੀ ਕੀ ਲੋੜ ਸੀ? ਹਵਾਈ ਅੱਡੇ, ਛੇ ਮਾਰਗੀ ਸੜਕਾਂ ਉਹਨਾਂ ਦੀਆਂ ਨਿੱਜੀ ਬੱਸਾਂ ਕੋਈ ਤਰੱਕੀ ਦੀ ਨਿਸ਼ਾਨੀ ਨਹੀਂ। ਤੁਸੀਂ ਖੁਦ ਦੱਸੋ ਕੀ ਨਰੇਗਾ ਬੱਸ 'ਚ ਸਫਰ ਕਰਨ ਵਾਲਾ ਹਵਾਈ ਜਹਾਜ਼ ਦਾ ਸਫ਼ਰ ਕਰ ਸਕੇਗਾ? ਉਹ ਸਰਕਾਰੀ ਮੰਤਰੀਆਂ ਦੀਆਂ ਮਰਸਡੀਜ ਤੇ ਤਿਗਣੇ ਕਿਰਾਏ ਵਾਲੀਆਂ ਬੱਸਾਂ 'ਚ ਸਫ਼ਰ ਕਰ ਸਕੇਗਾ ਜੋ ਆਮ ਬੰਦੇ ਦੀ ਜ਼ਿੰਦਗੀ ਦਾ ਖੋ ਬਣ ਰਹੀਆਂ ਹਨ। ਇਹ ਸਰਕਾਰੀ ਬੱਸਾਂ ਤੇ ਇਸ਼ਤਿਹਾਰ ਲਗਾ ਕੇ ਕਰੋੜਾਂ ਰੁਪਏ ਬਰਬਾਦ ਕਰ ਰਹੇ ਹਨ। ਕੀ ਉਹ ਪੈਸਾ ਬੇਰੁਜ਼ਗਾਰਾਂ, ਅੰਗਹੀਣਾਂ ਨੂੰ ਨਹੀਂ ਦਿੱਤਾ ਜਾ ਸਕਦਾ? ਸਰਕਾਰੀ ਬੱਸਾਂ ਦੀ ਥਾਂ ਤੇ ਰਾਜ ਨਹੀਂ ਸੇਵਾ ਵਾਲੇ ਨੇ ਕੀ ਕੋਈ ਇਸ਼ਤਿਹਾਰ ਆਪਣੀ ਬੱਸ ਤੇ ਲਗਾਇਆ? ਇਹ ਸੋਚ ਕੇ ਕਿਤੇ ਇਹਨਾਂ ਦੀ ਦਿੱਖ ਖਰਾਬ ਨਾ ਹੋ ਜਾਵੇ। ਇਸੇ ਤਰ੍ਹਾਂ ਮੁੱਖ ਮੰਤਰੀ ਸਰਕਾਰੀ ਬੱਸਾਂ ਵਰਤ ਕੇ ਤੀਰਥ ਅਸਥਾਨਾਂ ਦਾ ਪੁੰਨ ਖੱਟ ਰਹੇ ਹਨ। ਕੀ ਇਹਨਾਂ ਨੇ ਕਦੇ ਆਪਣੀ ਏ.ਸੀ. ਬੱਸ ਤੀਰਥ ਯਾਤਰਾ ਤੇ ਭੇਜ ਕੇ ਪੁੰਨ ਖੱਟਿਆ ਹੈ। ਸਕੂਲ ਕਾਲਜ ਖਾਲੀ ਪਏ ਹਨ ਕੋਈ ਅਧਿਆਪਕ ਨਹੀਂ ਜਦਕਿ ਸਮਸ਼ਾਨਘਾਟਾਂ ਤੇ ਧਰਮਸ਼ਾਲਾਵਾਂ ਲਈ ਦਾਨ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਦਾ ਲਖਤੇ ਜਿਗਰ ਸਨਾਵਰ ਸਕੂਲ ਨੂੰ ਇਕ ਕਰੋੜ ਦੇ ਆਇਆ ਕੀ ਪੰਜਾਬ ਦੇ ਕਿਸੇ ਸਕੂਲ ਨੂੰ ਐਨੀ ਗ੍ਰਾਂਟ ਦਿੱਤੀ ਹੈ? ਪੜ੍ਹੇ-ਲਿਖੇ ਟੈਂਕੀਆਂ ਤੇ ਚੜ੍ਹ ਕੇ ਆਤਮਦਾਹ ਕਰ ਰਹੇ ਹਨ। ਚਿੱਟੇ ਮੱਛਰ ਦੀ ਜਾਹਲੀ ਦਵਾਈ ਤੇ ਬੀਜਾਂ ਕਾਰਨ ਕਿਸਾਨ ਮਜ਼ਦੂਰ, ਅੰਗਹੀਣ ਗੁਜ਼ਾਰੇ ਲਈ ਧਰਨੇ ਦੇ ਰਹੇ ਹਨ ਤੇ ਅਜੋਕਾ ਸ਼ਾਹਜਹਾਂ ਬਿਰਧ ਉਮਰੇ ਮਾਇਆ ਨੂੰ ਜੱਫੇ ਮਾਰ ਰਿਹਾ ਹੈ। ਜਿਵੇਂ ਬੇਗਮ ਮੁਮਤਾਜ ਇਸ ਜਹਾਨ 'ਚੋਂ ਖਾਲੀ ਹੱਥ ਗਈ ਸੀ। ਇਸੇ ਤਰ੍ਹਾਂ ਅਜੋਕੇ ਬਿਰਧ ਮੰਤਰੀ ਦੀ ਪਤਨੀ ਵੀ ਮੁਮਤਾਜ ਵਾਂਗ ਖਾਲੀ ਹੱਥ ਗਈ ਹੈ ਪਰ ਇਸਨੇ ਫੇਰ ਵੀ ਕੋਈ ਸਬਕ ਨਹੀਂ ਸਿੱਖਿਆ। ਏਹਦੀ ਯਾਦ 'ਚ ਕਿਸੇ ਨੇ ਗੁਰਦੁਆਰਾ ਵੀ ਨਹੀਂ ਬਣਾਉਣਾ ਭਾਵੇਂ ਇਹਦੇ ਅਹਿਲਕਾਰ ਸ਼੍ਰੋਮਣੀ ਕਮੇਟੀ ਰਾਹੀਂ ਬਹੁਤ ਸਾਰੇ ਗੁਰਦੁਆਰੇ ਆਪਣੀ ਮੁੱਠੀ 'ਚ ਕਰੀ ਬੈਠੇ ਹਨ ਜਿਵੇਂ ਮੁਗ਼ਲ ਸਾਮਰਾਜ ਦੇ ਬਾਦਸ਼ਾਹ ਮਸਜਿਦਾਂ ਨੂੰ ਕਰੀ ਬੈਠੇ ਸਨ। ਇਸੇ ਲਈ ਤਾਂ ਮਹਿਸੂਸ ਹੋ ਰਿਹਾ ਹੈ ਕਿ ਸ਼ਾਹਜਹਾਂ ਅਜੇ ਮਰਿਆ ਨਹੀਂ ਉਸਦੀ ਜਹਿਨੀਅਤ ਅਜੇ ਵੀ ਜਿੰਦਾ ਹੈ।

ਜਿਵੇਂ ਤਾਜ ਮਹਿਲ ਬਣਾਉਣ ਵਾਲੇ ਮਜ਼ਦੂਰਾਂ ਤੇ ਮਜ਼ਦੂਰਨੀਆਂ ਵਾਂਗ ਚਾਰ ਜਾਂ ਛੇ ਮਾਰਗੀ ਸੜਕਾਂ ਤੇ ਪੁਲ ਬਣਾਉਂਦੇ ਰਾਜਸਥਾਨ ਦੇ ਮਜ਼ਦੂਰਾਂ ਤੇ ਮਜ਼ਦੂਰਨੀਆਂ ਦੇ ਕਿਰਤੀ ਹੱਥ ਸੜਕ ਦੇ ਵੱਟਿਆ ਨੂੰ ਬੌਕਰ ਮਾਰ ਕੇ ਸਾਫ਼ ਕਰਦੀਆਂ ਹਨ ਮਜ਼ਦੂਰ ਤੱਤੀ ਲੁੱਕ ਪਾਉਂਦੇ ਹਨ। ਉਹਨਾਂ ਦੇ ਬੱਚੇ ਵੀ ਸੜਕ ਕਿਨਾਰੇ ਖਤਾਨਾਂ ਵਿਚ ਦਰੱਖ਼ਤਾਂ ਦੀਆਂ ਟਾਹਣੀਆਂ ਨਾਲ ਬੰਨੇ ਕੱਪੜਿਆਂ 'ਚ ਦੇਖ ਸਕਦੇ ਹਾਂ ਕਿਉਂਕਿ ਇਹਨਾਂ ਉੱਪਰ ਵੀ ਸਰਕਾਰ ਦਾ ਅਹਿਲਕਾਰ ਸ਼ਹਿਨਸ਼ਾਹ ਦੇ ਅਹਿਲਕਾਰ ਵਾਂਗ ਖੜ੍ਹਾ ਹੁੰਦਾ ਹੈ ਜੋ ਚਾਬੁਕ ਤਾਂ ਨਹੀਂ ਮਾਰ ਸਕਦਾ ਪਰ ਜ਼ੁਬਾਨ 'ਚੋਂ ਗੰਦੇ-ਗੰਦੇ ਸ਼ਬਦਾਂ ਦੀ ਚਾਬੁਕ ਜ਼ਰੂਰ ਮਾਰਦਾ ਹੈ ਤੇ ਉਹ ਉਹਨਾਂ ਦੀ ਨਿਗੂਣੀ ਮਜ਼ਦੂਰੀ ਵਿਚੋਂ ਵੀ ਪੈਸੇ ਆਪਣੀ ਜੇਬ 'ਚ ਪਾ ਲੈਂਦਾ ਹੈ। ਕੀ ਇਹ ਵਗਾਰ ਨਹੀਂ ਹੈ। ਸੜਕਾਂ ਉੱਪਰ ਪੁਲ ਬਣ ਰਹੇ ਹਨ। ਦੋ-ਤਿੰਨ ਸਾਲ ਲਗਾ ਕੇ ਹਜ਼ਾਰਾਂ ਹੀ ਕਿਰਤੀ ਲੋਕ ਇਸਦੀ ਉਸਾਰੀ ਕਰਦੇ ਹਨ ਪੁਲ ਬਣਨ ਤੇ ਪੋਚਵੀਆਂ ਪੱਗਾਂ ਤੇ ਚੋਪੜੀਆਂ ਦਾਹੜੀਆਂ ਵਾਲੇ ਉਦਘਾਟਨ ਕਰਦੇ ਹਨ। ਕੀ ਉਸ ਸਮੇਂ ਸ਼ਾਹਜਹਾਂ ਦੇ ਤਾਜ ਮਹਿਲ ਵਾਂਗ ਵਗਾਰ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਮਨਫੀ ਹੋਣ ਵੰਗ ਅੱਜ ਇੱਕੀਵੀਂ ਸਦੀ ਵਿਚ ਵੀ ਮਜ਼ਦੂਰ ਮਨਫੀ ਹਨ। ਜਿੰਨਾਂ ਕਿਰਤੀ ਹੱਥਾਂ ਨੇ ਇਹ ਬਣਾਇਆ ਉਸਨੂੰ ਕੋਈ ਯਾਦ ਨਹੀਂ ਕਰਦਾ। ਕੀ ਇਹ ਸ਼ਾਹਜਹਾਂ ਵਾਲੀ ਜ਼ਹਿਨੀਅਤ ਨਹੀਂ ਹੈ? ਪਰ ਕਮੀ ਹੈ ਤਾਂ ਗੁਰਸ਼ਰਨ ਭਾਅ ਜੀ ਵਰਗੇ ਮਜ਼ਦੂਰਾਂ ਪ੍ਰਤੀ ਦਿਲ-ਦਰਿਆ ਤੇ ਉਹਨਾਂ ਪ੍ਰਤੀ ਮੋਹ ਭਰੇ ਜਜ਼ਬਿਆਂ ਵਾਲੇ ਦਿਲ ਦੀ ਹੈ। ਜੋ ਉਹਨਾਂ ਦੇ ਅੰਦਰ ਨਹੀਂ ਹੈ। ਬੇਸ਼ੱਕ ਸ਼ਾਹਜਹਾਂ ਨੇ ਤਾਜ ਮਹਿਲ ਤਿਆਰ ਕਰਨ ਵਾਲੇ ਮਿਸਤਰੀ ਮਜ਼ਦੂਰਾਂ ਦੇ ਹੱਥ ਵੱਢ ਦਿੱਤੇ ਸਨ। ਢਾਕੇ ਦੀ ਮਲਮਲ ਤਿਆਰ ਕਰਨ ਵਾਲੇ ਅੰਗਰੇਜ਼ਾਂ ਨੇ ਵੀ ਅਜਿਹੀ ਜਹਿਨੀਅਤ ਦਾ ਪ੍ਰਗਟਾਵਾ ਕੀਤਾ ਸੀ। ਪਰ ਅਜੋਕੇ ਸ਼ਾਹਜਹਾਂ ਦੇ ਤੁਖਮਾਂ ਨੇ ਤਾਂ ਸਾਡੇ ਦੇਸ਼ ਦੀ ਜੁਆਨੀ ਦਾ ਸਿਰ ਲੱਚਰਤਾ ਅਤੇ ਨਸ਼ਿਆਂ ਦੇ ਖੰਜਰ ਨਾਲ ਜ਼ਿੰਦਗੀ ਵੱਢ ਦਿੱਤੀ ਹੈ। ਮੈਂ ਲਿਖਦਾ ਜਾਵਾਂਗਾ ਤੁਹਾਨੂੰ ਹਰ ਥਾਂ ਤੇ ਸ਼ਾਹਜਹਾਂ ਦੀ ਜ਼ਹਿਨੀਅਤ ਜਿਉਂਦੀ ਮਿਲੇਗੀ। ਕੁਝ ਪਾਠਕ ਖੁਦ ਮਹਿਸੂਸ ਕਰਨ। ਪਰ ਲੇਖ ਖਤਮ ਕਰਨ ਤੋਂ ਪਹਿਲਾਂ ਕੀ ਅਸੀਂ ਵੀ ਦੇਸ਼ਾਂ-ਵਿਦੇਸ਼ਾਂ ਵਿਚ ਮਜ਼ਦੂਰੀ ਕਰਕੇ ਉਹਨਾਂ ਕੋਲੋਂ ਕੋਠੀਆਂ ਦੀ ਉਸਾਰੀ ਕਰਵਾ ਕੇ ਭੁੱਲ ਜਾਂਦੇ ਹਾਂ। ਗ੍ਰਹਿ ਪ੍ਰਵੇਸ਼ ਵੇਲੇ ਉਹ ਮਿਸਤਰੀ ਮਜ਼ਦੂਰ ਇਸ ਨਵੇਂ ਘਰ ਦੇ ਪ੍ਰਵੇਸ਼ ਸਮੇਂ ਮਨਫੀ ਹੁੰਦੇ ਹਨ। ਆਓ ਆਪਣੇ ਅੰਦਰ ਪਨਪ ਰਹੀ ਸ਼ਾਹਜਹਾਂ ਵਾਲੀ ਜਹਿਨੀਅਤ ਦੇ ਨਿੱਕੇ ਜਿਹੇ ਕੀਟਾਣੂੰ ਨੂੰ ਆਪਣੀ ਅਕਲ ਦੀ ਦਵਾਈ ਨਾਲ ਇਲਾਜ ਕਰਕੇ ਫੈਲਣ ਤੋਂ ਰੋਕੀਏ। ਨਹੀਂ ਤਾਂ ਸ਼ਾਹਜਹਾਂ ਦੀ ਉਸਾਰੀ ਤਾਜ ਮਹਿਲ ਦੀ ਇਮਾਰਤ ਵਾਂਗ ਕਿਰਤੀ ਹੱਥਾਂ ਦੀ ਮਹਿਕ ਅਲੋਪ ਰਹੇਗੀ। ਆਪਣੇ ਹੀ ਗਿਰੇਬਾਨ ਮੇਂ ਸਿਰ ਨੀਵਾਂ ਕਰ ਦੇਖ॥ ਦੀ ਸੱਚ ਮੁਤਾਬਕ ਆਪਣੇ ਹੀ ਅੰਦਰ ਝਾਤ ਪਾ ਕੇ ਸ਼ਾਹਜਹਾਂ ਦੀ ਸਹਿਕਦੀ ਜਹਿਨੀਅਤ ਨੂੰ ਇੱਟ ਸਿੱਟ ਕੇ ਨਦੀਨ ਵਾਂਗ ਪਸਰਨ ਤੋਂ ਰੋਕੀਏ ਤੇ ਆਪਣੇ ਦਿਲਾਂ ਵਿਚ ਗੁਰਸ਼ਰਨ ਭਾਅ ਜੀ ਵਰਗਾ ਕਿਰਤੀਆਂ ਪ੍ਰਤੀ ਕੁਝ ਕਰ ਗੁਜਰਨ ਦਾ ਜਜ਼ਬਾ ਪੈਦਾ ਕਰਕੇ ਅੰਦਰ ਪਨਪ ਰਹੀ ਸ਼ਾਹਜਹਾਂ ਰੁਚੀ ਨੂੰ ਖਤਮ ਕਰੀਏ।




Scanned with CamScanner

# ਮਿੰਨੀ ਕਹਾਣੀਆਂ

## ਸੁੱਖ ਦਾ ਸਿਰਨਾਵਾਂ

ਨਸੀਬ ਕੌਰ ਦਾ ਇੱਕਲਾ-ਇੱਕਲਾ ਪੁੱਤਰ ਤੇਜੀ ਜਦੋਂ ਤੋਂ ਗੱਭਰੂ ਹੋਇਆ ਤਾਂ ਉਸ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਸ਼ਰਾਬ ਪੀਂਦੇ ਰਹਿਣਾ, ਵਿਹਲਾ ਰਹਿ ਕੇ ਆਪਣੀ ਮਾਂ ਤੋਂ ਪੈਸੇ ਖੋਹ ਕੇ ਲੈ ਜਾਣਾ ਤੇ ਐਸ਼ਾਂ 'ਤੇ ਉੱਡਾ ਦੇਣਾ ਉਸ ਦਾ ਰੋਜ਼ ਦਾ ਕੰਮ ਹੋ ਗਿਆ ਸੀ। ਪੁੱਤਰ ਦੇ ਨਾ ਸੁਧਰਨ ਦੀ ਉਮੀਦ ਵਿੱਚ ਨਸੀਬ ਕੌਰ ਨੇ ਤੇਜੀ ਦਾ ਵਿਆਹ ਕਰ ਦਿੱਤਾ।

ਹੁਣ ਨੂੰਹ ਕੋਲ ਤਿੰਨ ਕੁ ਮਹੀਨਿਆਂ ਦੀ ਛੋਟੀ ਜਿਹੀ ਬੱਚੀ ਸੀ। ਬਸ ਤੇਜੀ ਦੇ ਉਹੀ ਹਾਲ ਹਿਲੇ ਸਨ। ਕੱਲ• ਨੂੰ ਲੋਹੜੀ ਸੀ। ਜੀ ਨੇ ਲੋਹੜੀ 'ਤੇ ਪੀਣ ਖਾਤਿਰ ਸ਼ਹਿਰੋਂ ਮਹਿੰਗੀ ਸ਼ਰਾਬ ਲਿਆਉਣ ਲਈ ਆਪਣੀ ਮਾਂ ਤੋਂ ਪੈਸੇ ਮੰਗੇ। ਨਸੀਬ ਕੌਰ ਨੇ ਬਥੇਰਾ ਸਮਝਾਇਆ ਪਰ ਤੇਜੀ ਮਾਂ ਨੂੰ ਧੱਕਾ ਦੇ ਕੇ ਪੈਸੇ ਚੁੱਕ ਕੇ ਲੈ ਗਿਆ। ਉਸ ਦੀ ਨੂੰਹ ਨੇ ਨਸੀਬ ਕੌਰ ਨੂੰ ਉੱਠਾ ਕੇ ਮੰਜੇ 'ਤੇ ਬਿਠਾਇਆ ਤੇ ਰੋਂਦੀ ਦੇ ਹੰਝੂ ਪੂੰਝਦੀ ਨੇ ਗਲ਼ ਨਾਲ ਲਾਇਆ।

ਲੋਹੜੀ ਵਾਲੇ ਦਿਨ ਨਸੀਬ ਕੌਰ ਦੇ ਘਰੋਂ ਢੋਲ ਤੇ ਨੱਚਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਤੇਜੀ ਘਰ ਪਹੁੰਚਿਆ। ਬੇਬੇ ਆ ਕੀ ਆ? ਹੁਣੇ ਤਾਂ ਕੁੜੀ ਨੇ ਜਨਮ ਲਿਆ ਫਿਰ ਲੋਹੜੀ ਕਾਹਦੀ, ਤੇਜੀ ਨੇ ਹੈਰਾਨ ਹੋ ਕੇ ਕਿਹਾ।

"ਲੋਹੜੀ ਤੇ ਖੁਸ਼ੀਆਂ ਤਾਂ ਪੁੱਤ ਮੈਂ ਤੇਰੇ ਜਨਮ 'ਤੇ ਵੀ ਬੜੀਆਂ ਮਨਾਈਆਂ ਸੀ। ਪਰ ਇੱਕ ਦਿਨ ਵੀ ਤੂੰ ਸੁੱਖ ਨਾ ਦੇਖਣ ਦਿੱਤਾ। ਤੇਰੇ ਨਾਲੋਂ ਆ ਬੇਗਾਨੀ ਧੀ ਚੰਗੀ ਏ, ਜਿਹੜੀ ਸਹਾਰਾ ਦਿੰਦੀ ਆ। ਇਹ ਤਾਂ ਫਿਰ ਵੀ ਮੇਰੀ ਆਪਣੀ ਪੋਤੀ ਏ। ਬਥੇਰਾ ਸੁੱਖ ਦੇਊਗੀ। ਤੇਰੇ ਵਰਗੇ ਨਲਾਇਕ ਪੁੱਤਾਂ ਨਾਲੋਂ ਧੀਆਂ ਸੌ ਗੁਣੀ ਚੰਗੀਆਂ, ਜਿਹੜੀਆਂ ਨਸ਼ੇ ਤੇ ਐਸ਼ਾਂ ਖਾਤਿਰ ਮਾਵਾਂ ਨੂੰ ਕੁੱਟ ਕੇ ਨਹੀਂ ਜਾਂਦੀਆਂ। ਰੱਬ ਨਾ ਕਰੇ ਕਿਸੇ ਮਾਂ ਦੀ ਕੁੱਖੋਂ ਤੇਰਾ ਜਿਹਾ ਤੇਜੀ ਜਨਮ ਲਵੇ। ਮੈਨੂੰ ਤਾਂ ਰੱਬ ਨੇ ਧੀ ਨਹੀਂ ਦਿੱਤੀ, ਮੇਰੇ ਨਾਲੋਂ ਤੂੰ ਕਿਸਮਤ ਵਾਲਾ ਐਂ ਕਿ ਤੇਰੇ ਘਰ ਕੋਈ ਤੇਜੀ ਨਹੀਂ ਜੰਮਿਆ। ਮੈਂ ਤਾਂ ਪੁੱਤਾਂ ਨਾਲੋਂ ਵੱਧ ਕੇ ਲੋਹੜੀ ਮਨਾਊਗੀ ਪੋਤੀ ਦੀ। ਧੀਆਂ ਤਾਂ ਸੁੱਖ ਦਾ ਸਿਰਨਾਵਾਂ ਹੁੰਦੀਆਂ ਨੇ, ਨਸੀਬ ਕੌਰ ਨੇ ਕਿਹਾ ਤੇ ਤੇਜੀ ਨੀਵੀਂ ਪਾ ਕੇ ਪਰ•ਾਂ ਨੂੰ ਤੁਰ ਗਿਆ।"

- ਸੁਖਵਿੰਦਰ ਕੌਰ 'ਹਰਿਆਓ'
ਉੱਭਾਵਾਲ, ਸੰਗਰੂਰ
+91-8427405492

## ਸੋਚ



ਰੁਲਦੂ ਤੁਰਿਆ ਆ ਰਿਹਾ ਸੀ, ਉਸ ਦਾ ਵੱਡਾ ਭਰਾ ਖੁਸਾ ਉਸ ਦੇ ਕੋਲ ਦੀ ਸਕੂਟਰ 'ਤੇ ਲੰਘਣ ਲੱਗਾ ਤਾਂ ਉਸ ਨੇ ਸੋਚਿਆ, ਮੇਰਾ ਭਰਾ ਤੁਰਿਆ ਜਾਂਦਾ ਹੈ, ਚਲੋ ਇਸ ਨੂੰ ਸਕੂਟਰ 'ਤੇ ਬਿਠਾ ਲਵਾਂ। ਉਸ ਨੇ ਸਕੂਟਰ ਰੋਕ ਲਿਆ।

ਰੁਲਦੂ ਉਦੋਂ ਤਾਂ ਸਕੂਟਰ 'ਤੇ ਬੈਠ ਗਿਆ ਪਰ ਘਰ ਆ ਕੇ ਕਲੇਸ਼ ਪਾ ਲਿਆ। ਕਹਿੰਦਾ, "ਸ਼ਰੀਕਾਂ ਨੇ ਮੇਰਾ ਮਜ਼ਾਕ ਉਡਾਉਣ ਵਾਸਤੇ ਮੈਨੂੰ ਸਕੂਟਰ 'ਤੇ ਬਿਠਾਇਆ ਹੈ। ਮੈਂ ਵੀ ਉਸ ਨੂੰ ਸਕੂਟਰ ਲੈ ਕੇ ਦਿਖਾਊਂਗਾ।"

-ਭਵਨਦੀਪ ਸਿੰਘ ਪੁਰਬਾ
E-Mail : bhawandeep@rediffmail.com

## ਗੁਲਾਮਾਂ ਦਾ ਸਰਦਾਰ

ਥਾਣੇਦਾਰ ਹਾਕਮ ਸਿੰਘ ਦੀ ਡਿਊਟੀ ਉਸ ਦੇ ਸ਼ਹਿਰ ਵਿਚ ਪੈਂਦੇ ਪਿੰਡ ਮਾਜਰੀ ਦੇ ਅਗਾਹਵਧੂ ਤੇ ਸਬਜੀਆਂ ਦੀ ਕਾਸ਼ਤ ਵਿੱਚ ਪਹਿਲੇ ਨੰਬਰ ਤੇ ਆਏ ਕਿਸਾਨ ਜੈਮਲ ਸਿੰਘ ਦਾ ਆਜ਼ਾਦੀ ਦਿਹਾੜੇ 'ਤੇ ਮੁੱਖ ਮੰਤਰੀ ਵਲੋਂ ਸਨਮਾਨ ਕੀਤੇ ਜਾਣ ਦੀ ਸੂਚਨਾ ਪਹਿਚਾਉਣ ਦੀ ਲਾਈ ਗਈ ਸੀ। ਥਾਣੇਦਾਰ ਪਿੰਡ ਮਾਜਰੀ ਪਹੁੰਚਿਆ। ਕਿਸੇ ਤੋਂ ਉਸਨੇ ਕਿਸਾਨ ਜੈਮਲ ਸਿੰਘ ਦਾ ਘਰ ਪੁੱਛਿਆ। ਪਤਾ ਦੱਸਣ ਵਾਲੇ ਨੇ ਚਿੱਟੀ ਤਿੰਨ ਮੰਜਲੀ ਕੋਠੀ ਵੱਲ ਇਸ਼ਾਰਾ ਕੀਤਾ। ਥਾਣੇਦਾਰ ਹੈਰਾਨ ਸੀ ਕਿ ਇੱਕ ਕਿਸਾਨ ਇੰਨਾ ਅਮੀਰ...! ਸੋਚਦਿਆਂ-ਸੋਚਦਿਆਂ ਗੱਡੀ ਗੇਟ ਅੱਗੇ ਜਾ ਖੜ੍ਹੀ ਕੀਤੀ। ਅੰਦਰ ਏ.ਸੀ. ਰੂਮ 'ਚ ਮਹਿੰਗੇ ਸੋਫ਼ੇ 'ਤੇ ਕਿਸਾਨ ਜੈਮਲ ਸਿੰਘ ਅਖ਼ਬਾਰ ਪੜ੍ਹ ਰਿਹਾ ਸੀ। ਥਾਣੇਦਾਰ ਨੇ ਸ਼ਤਿ ਸ਼੍ਰੀ ਅਕਾਲ ਬੁਲਾਉਣ ਤੋਂ ਬਾਅਦ ਸਨਮਾਨਿਤ ਕੀਤੇ ਜਾਣ ਦੀ ਖ਼ਬਰ ਜੈਮਲ ਸਿੰਘ ਨੂੰ ਦਿੱਤੀ। ਜੈਮਲ ਸਿੰਘ ਖੁਸ਼ ਹੋ ਗਿਆਸ਼

"ਜੈਮਲ ਸਿੰਘ ਜੀ ਕੁੱਝ ਸਾਲ ਪਹਿਲਾਂ ਤਾਂ ਇਹ ਕੋਠੀ 'ਤੇ ਸ਼ਾਨੋ-ਸ਼ੌਕਤ ਨਹੀਂ ਸੀ। ਫਿਰ ਕੀ ਚਮਤਕਾਰ ਹੋਇਆ?" ਥਾਣੇਦਾਰ ਨੇ ਹੈਰਾਨੀ ਨਾਲ ਪੁੱਛਿਆ।

"ਆਓ ਦਿਖਾਵਾਂ", ਕਹਿ ਕੇ ਕਿਸਾਨ ਜੈਮਲ ਸਿੰਘ ਥਾਣੇਦਾਰ ਨੂੰ ਖੇਤ ਵੱਲ ਲੈ ਤੁਰਿਆ। ਖੇਤ ਵਿੱਚ 40-50 ਦੇ ਕਰੀਬ ਮਜ਼ਦੂਰ ਸਿਰ ਸੁੱਟ ਕੇ ਕੰਮ ਕਰ ਰਹੇ ਸਨ। ਕੋਈ ਸਬਜੀਆਂ ਤੋੜ ਰਿਹਾ ਸੀ, ਕੋਈ ਛਾਂਟ ਰਿਹਾ ਸੀ ਤੇ ਕੋਈ ਸਬਜੀਆਂ ਥੈਲਿਆਂ 'ਚ ਭਰ ਰਿਹਾ ਸੀ।

"ਜੈਮਲ ਸਿੰਘ ਜੀ ਆਮਦਨ ਦੇ ਨਾਲ-ਨਾਲ ਖ਼ਰਚ ਵੀ ਤਾਂ ਕਾਫ਼ੀ ਆ ਜਾਂਦਾ ਹੋਵੇਗਾ, ਮਜ਼ਦੂਰਾਂ ਦੀ ਦਿਹਾੜੀ ਵੀ ਤਾਂ ਮਹਿੰਗੀ ਐ", ਥਾਣੇਦਾਰ ਨੇ ਕਿਹਾ¢

"ਨਹੀਂ... ਨਹੀਂ ਥਾਣੇਦਾਰ ਜੀ, ਇਹੀ ਤਾਂ ਮੇਰੀ ਤਰੱਕੀ ਦਾ ਭੇਤ ਐ। ਜੇਕਰ ਖ਼ਰਚਾ ਦੇਣਾ ਹੁੰਦਾ ਤਾਂ ਫਿਰ ਕਿੰਨੀ ਕੁ ਆਮਦਨੀ ਹੁੰਦੀ । ਆਪਣੀ ਪਹੁੰਚ ਵਧਿਆ ਹੈ। ਨਸ਼ੇ-ਪਤੇ ਤੇ ਸਾਰੇ ਗੁਲਾਮ ਬਣਾਏ ਹੋਏ ਐ। ਜੇਕਰ ਕੰਮ ਕਰਨਗੇ ਤਾਂ ਹੀ ਨਸ਼ਾ ਮਿਲੂ। ਨਸ਼ਾ ਕਿਹੜਾ ਆਪਾਂ ਪੈਸੇ ਲਾ ਕੇ ਖ਼ੀਦਣਾ ਐ, ਮੰਤਰੀ ਜੀ ਨਾਲ ਚੰਗੀ ਉਠਣੀ ਬੈਠਣੀ ਐ। ਵੋਟਾਂ ਵੇਲੇ ਆਪਾਂ ਉਹਨਾਂ ਦਾ ਕੰਮ ਸਾਰ ਦਿੰਨੇ ਆਂ, ਬਦਲੇ ਵਿੱਚ ਉਹ ਮੇਰੇ ਤੇ ਕਿਰਪਾ ਕਰਦੇ ਹਨ", ਜੈਮਲ ਸਿੰਘ ਨੇ ਮੁੱਛਾਂ ਨੂੰ ਵੱਟ ਦਿੰਦਿਆਂ ਕਿਹਾ। ਥਾਣੇਦਾਰ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਆਜ਼ਾਦੀ ਦੇ ਦਿਹਾੜੇ 'ਤੇ ਸਨਮਾਨ ਕਿਸਦਾ ਹੋ ਰਿਹਾ ਹੈ ਇੱਕ ਅਗਾਹਵਧੂ ਕਿਸਾਨ ਦਾ......ਜਾਂ ਗੁਲਾਮਾਂ ਦੇ ਸਰਦਾਰ ਦਾ! ਥਾਣੇਦਾਰ ਮਜ਼ਦੂਰਾਂ ਦੇ ਚਿਹਰਿਆਂ ਵੱਲ ਗਹੁ ਨਾਲ ਤੱਕਣ ਲੱਗਿਆ ਜਿਵੇਂ ਉਹਨਾਂ ਦੀਆਂ ਅੱਖਾਂ ਵਿੱਚੋਂ ਆਪਣੇ ਸਵਾਲ ਦਾ ਜਵਾਬ ਭਾਲ ਰਿਹਾ ਹੋਵੇ।

- ਸੁਖਵਿੰਦਰ ਕੌਰ 'ਹਰਿਆਓ'
ਉੱਭਾਵਾਲ, ਸੰਗਰੂਰ
+91-8427405492



## 'ਜੁਦਾਈ ਮੌਤ ਹੁੰਦੀ ਹੈ'

ਪਾਰਕ 'ਚਿ ਦਾਖਲ ਹੁੰਦਿਆਂ ਹੀ ਮੇਰੀ ਨਜ਼ਰ ਪਾਰਕ ਵਿਚ ਪਏ ਬੈਂਚ ਤੇ ਪਈ। ਇਕ ਸਖਸ਼ ਜੋ ਕਾਫੀ ਬਜ਼ੁਰਗ ਸੀ ਖਾਮੋਸ਼ ਬੈਠਾ ਬੜੀ ਗਹਿਰੀ ਚਿੰਤਾ ਵਿਚ ਡੁੱਬਿਆ ਹੋਇਆ ਸੀ¢ਮੈਂ ਵੀ ਖਾਮੋਸ਼ੀ ਨਾਲ ਜਾ ਕੇ ਉਸਦੇ ਕੋਲ ਬੈਠ ਗਿਆ। ਚਿਹਰੇ ਤੇ ਝੁਰੜੀਆਂ, ਅੱਖਾਂ ਵਿਚ ਨਮੀ, ਹੱਥ ਵਿੱਚ ਸੋਟੀ ਪਕੜੇ ਉਹ ਬੜੇ ਗੌਰ ਨਾਲ ਆਪਣੇ ਹੱਥਾਂ ਵੱਲ ਵੇਖ ਰਿਹਾ ਸੀ। ਮੇਰੇ ਵੱਲ ਉਹਨੇ ਬੜੀ ਉਦਾਸ ਜਿਹੀ ਮੁਸਕਰਾਹਟ ਨਾਲ ਵੇਖਿਆ ਤੇ ਬੋਲਿਆ।

'ਜਾਣਦਾ ਹੈਂ ਪੁੱਤਰ, ਦੁਨੀਆਂ ਵਿੱਚ ਸਭ ਤੋਂ ਜਾਨ ਲੇਵਾ ਸ਼ੈ ਕੀ ਹੈ?'

ਮੈਂ ਬੜੀ ਖਾਮੋਸ਼ੀ ਨਾਲ ਨਹੀਂ ਵਿੱਚ ਸਿਰ ਹਿਲਾ ਕੇ ਜਵਾਬ ਦਿੱਤਾ।

ਉਹ ਫਿਰ ਬੋਲਿਆ ਕਿਸੇ ਦਾ ਆਪਣੀ ਜਿੰਦਗੀ ਵਿੱਚ ਆ ਜਾਣਾ, ਫਿਰ ਆਪਣੀ ਆਦਤ ਲਵਾ ਕੇ ਬਿਨ ਦੱਸੇ ਆਪਣੀ ਜ਼ਿੰਦਗੀ 'ਚੋਂ ਵਾਪਸ ਚਲੇ ਜਾਣਾ। 'ਦਰਦ ਤੇ ਦੁੱਖ' ਉਹਨਾਂ ਦੀ ਆਵਾਜ਼ ਵਿਚ ਸਾਫ ਝਲਕ ਰਿਹਾ ਸੀ। ਬੰਦਾ ਬੜਾ ਬੇਬਸ ਹੋ ਜਾਂਦਾ, ਨਾ ਜੀ ਪਾਉਂਦਾ ਨਾ ਮਰ ਪਾਉਂਦਾ, ਇਹ ਸਭ ਤੋਂ ਦਰਦਨਾਕ ਹੁੰਦਾ ਹੈ, ਇਸ ਤੋਂ ਵੱਧ ਜਾਨਲੇਵਾ ਹੋਰ ਕੁਝ ਵੀ ਨਹੀਂ ਕਿ ਜਿਸਦਾ ਹੱਥ ਪਕੜ ਕੇ ਤੁਸੀਂ ਜ਼ਿੰਦਗੀ ਭਰ ਚਲਦੇ ਰਹੇ ਉਹ ਇਕ ਝਟਕੇ ਵਿਚ ਹੀ ਛੱਡ ਜਾਵੇ। ਇਨਸਾਨ ਫਿਰ ਆਪਣੇ ਆਪ ਨਾਲ ਹੀ ਇਕ ਜੰਗ ਛੇੜ ਬਹਿੰਦਾ, ਤੇ ਇਸੇ ਜੰਗ 'ਚਿ ਹੀ ਆਪਣਾ ਆਪ ਗਵਾ ਬਹਿੰਦਾ। ਦਰਅਸਲ ਇਹ ਜੋ ਇਨਸਾਨ ਆਦਤਾਂ ਪਾਲਦਾ ਨਾ ਇਹ ਇਕ ਜਾਨਲੇਵਾ ਬੀਮਾਰੀ ਹੈ¢ਹੌਲੀ ਹੌਲੀ ਇਹ ਆਦਤ ਘੁਣ ਵਾਂਗੂ ਬੰਦੇ ਨੂੰ ਅੰਦਰੋਂ ਅੰਦਰ ਤੋਂ ਖੋਖਲਾ ਕਰਦਾ ਜਾਂਦੀ ਹੈ, ਖਤਮ ਕਰ ਦਿੰਦੀ¢ਇਹ ਜੋ ਜੁਦਾਈ ਹੈ ਨਾ ਇਹ ਮੌਤ ਹੀ ਹੁੰਦੀ ਹੈ, ਬੰਦਾ ਸਾਹ ਤਾਂ ਲੈਂਦਾ ਪਰ ਜੀ ਨਹੀਂ ਸਕਦਾ। ਉਹ ਹੱਸਦਾ ਤਾਂ ਹੈ ਪਰ ਅੱਖਾਂ ਵਿਚ ਹੰਝੂਆਂ ਦੀ ਚਮਕ ਨਾਲ ਹੱਸਦਾ। ਹਰ ਪਲ ਇਹ ਅਹਿਸਾਸ ਕਿ ਉਹ ਜੋ ਇਕ ਸ਼ਖਸ਼ ਸੀ ਜੋ ਜ਼ਿੰਦਗੀ ਭਰ ਸਾਥ ਨਿਭਾਉਣ ਦੇ ਵਾਅਦੇ ਕਰਦਾ ਸੀ ਉਹ ਸਭ ਕੁਝ ਭੁਲਾ ਕੇ ਛੱਡ ਗਿਆ, ਇਹ ਗੱਲ ਹਰ ਪਲ ਟੀਸ ਪਹੁੰਚਾਉਂਦੀ ਹੈ।

ਮੇਰੇ ਤੋਂ ਰਿਹਾ ਨਹੀਂ ਗਿਆ ਤਾਂ ਮੈਂ ਪੁੱਛ ਲਿਆ, ਤੁਹਾਨੂੰ ਕੋਈ ਛੱਡ ਗਿਆ ਬਾਬਾ ਜੀ ? ਸੁਰਖ ਅੱਖਾਂ ਵਿਚ ਮੋਟੇ ਮੋਟੇ ਹੰਝੂ ਲੈ ਕੇ ਉਹ ਮੇਰੇ ਵੱਲ ਵੇਖ ਕੇ ਬੋਲਿਆ 'ਮੇਰੀ ਘਰਆਲੀ ਮੈਨੂੰ 71 ਸਾਲਾਂ ਬਾਅਦ ਕੱਲ ਸੁਰਗ ਸਿਧਾਰ ਗਈ, ਤੇ ਮੈਨੂੰ ਬੇਬਸ ਤੇ ਤਨਹਾ ਕਰ ਗਈ ਹੈ।'

-ਸਰੂਚੀ ਕੰਬੋਜ

## ਸਹੀ ਫੈਸਲਾ

ਭਜਨਾ ਵਿਦੇਸ਼ ਜਾਣ ਦੀ ਬਾਬਤ ਕੰਮ ਸਿਰੇ ਨਾ ਚੜ•ਨ ਕਾਰਨ ਪ੍ਰੇਸ਼ਾਨ ਹੋਇਆ ਇਕ ਪਾਂਡੇ ਕੋਲ ਚਲਾ ਗਿਆ। ਪਾਂਡੇ ਨੇ ਭਜਨੇ ਨੂੰ ਕਈ ਪ੍ਰਕਾਰ ਦੇ ਫਲ-ਫਰੂਟ, ਮੇਵੇ ਤੇ ਮੋਟੀ ਮਾਇਆ ਦਾਨ ਕਰਨ ਲਈ ਕਿਹਾ ਤੇ ਨਾਲ ਹੀ ਇਹ ਵੀ ਕਿਹਾ ਕਿ ਜੇਕਰ ਇਹ ਸਮਾਨ ਮੇਰੇ ਕੋਲ ਨਾ ਲੈ ਕੇ ਆਇਆ ਤਾਂ ਤੇਰੇ ਵਿਦੇਸ਼ ਜਾਣ ਦਾ ਕੰਮ ਕਦੇ ਵੀ ਨਹੀਂ ਬਣਨਾ।

ਭਜਨਾ ਅਗਲੇ ਦਿਨ ਪਾਂਡੇ ਦਾ ਦੱਸਿਆ 'ਸਮਾਨ' ਲੈ ਕੇ ਪਾਂਡੇ ਕੋਲ ਜਾ ਰਿਹਾ ਸੀ ਕਿ ਰਸਤੇ ਵਿਚ ਇਕ ਗਰੀਬ ਔਰਤ ਆਪਣੇ ਛੋਟੇ ਜਿਹੇ ਬੱਚੇ ਨੂੰ ਲਈ ਖੜ੍ਹੀ ਸੀ। ਬੱਚਾ ਉੱਚੀ-ਉੱਚੀ ਰੋ ਰਿਹਾ ਸੀ। ਭਜਨ ਨੇ ਉਸ ਔਰਤ ਨੂੰ ਬੱਚੇ ਦੇ ਰੋਣ 'ਦ ਕਾਰਨ ਪੁੱਛਿਆ ਤਾਂ ਔਰਤ ਨੇ ਦੱਸਿਆ ਕਿ ਇਹ ਬੱਚਾ ਕਈ ਦਿਨਾਂ ਤੋਂ ਭੁੱਖਾ ਹੈ।

ਭਜਨੇ ਨੇ ਸੋਚਿਆ ਕਿ ਉਹ ਜੋ ਫਲ ਫਰੂਟ ਪਾਂਡੇ ਕੋਲ ਲਿਜਾ ਰਿਹਾ ਹੈ ਉਸ ਦੀ ਜ਼ਰੂਰਤ ਪਾਂਡੇ ਨਾਲੋਂ ਜ਼ਿਆਦਾ ਇਸ ਬੱਚੇ ਨੂੰ ਹੈ। ਭਜਨੇ ਨੇ ਉਹ ਫਲ ਫਰੂਟ ਉਸ ਬੱਚੇ ਨੂੰ ਦੇ ਦਿੱਤੇ ਤੇ ਪਾਂਡੇ ਲਈ ਲਿਜਾ ਰਿਹਾ ਪੈਸਾ ਉਸ ਔਰਤ ਨੂੰ ਫੜਾਉਂਦੇ ਹੋਏ ਕਿਹਾ ਕਿ ਇਸ ਬੱਚੇ ਬੱਚੇ ਦਾ ਪਾਲਣ ਪੋਸ਼ਣ ਕਰ ਲੈਣਾ। ਔਰਤ ਨੇ ਭਜਨੇ ਨੂੰ ਅਸੀਸ ਦਿੰਦੇ ਹੋਏ ਕਿਹਾ ਕਿ, "ਜਿਉਂਦਾ ਰਹਿ ਪੁੱਤਰਾ, ਤੂੰ ਵਿਦੇਸ਼ ਚਲਾ ਜਾਵੇਂ।"

ਭਜਨਾ ਘਰ ਮੁੜ ਗਿਆ। ਉਹ ਅਜੇ ਘਰ ਵੜਿਆ ਹੀ ਸੀ ਕਿ ਉਸ ਦੇ ਘਰਦਿਆਂ ਨੇ ਉਸ ਨੂੰ ਖੁਸ਼ਖਬਰੀ ਸੁਣਾਈ ਕਿ ਉਸ ਦਾ ਬਾਹਰ ਦਾ ਕੰਮ ਬਣ ਗਿਆ ਹੈ।

ਹੁਣ ਭਜਨੇ ਨੂੰ ਲੱਗ ਰਿਹਾ ਸੀ ਕਿ ਉਸ ਗਰੀਬ ਔਰਤ ਦੀ ਦਿੱਤੀ ਅਸੀਸ ਲੱਗ ਗਈ ਹੈ ਤੇ ਉਸ ਦਾ ਪਾਂਡੇ ਦੀ ਜਗ੍ਹਾ ਗਰੀਬ ਨੂੰ ਦਾਨ ਕਰਨ ਦਾ ਉਸ ਦਾ ਲਿਆ ਗਿਆ ਫੈਸਲਾ ਬਿਲਕੁਲ ਸਹੀ ਸੀ।

-ਭਵਨਦੀਪ ਸਿੰਘ ਪੁਰਬਾ



## ਰੱਬ ਕੀ ਕਰੇ

ਇਕ ਕਿਸਾਨ ਅਤੇ ਇਕ ਘੁਮਿਆਰ ਪਰਮਾਤਮਾ ਦੇ ਪੂਰਨ ਭਗਤ ਸਨ। ਸੰਗਰਾਂਦ ਵਾਲੇ ਦਿਨ ਕਿਸਾਨ ਗੁਰਦੁਆਰੇ ਜਾ ਕੇ ਬੇਨਤੀ ਕਰ ਰਿਹਾ ਸੀ, ਹੇ ਰੱਬਾ ! ਜਲਦੀ-ਜਲਦੀ ਮੀਂਹ ਪਾ ਦੇ ਨਹੀਂ ਤਾਂ ਫਸਲ ਖਰਾਬ ਹੋ ਜਾਵੇਗੀ ਅਤੇ ਘੁਮਿਆਰ ਰੱਬ ਅੱਗੇ ਬੇਨਤੀ ਕਰ ਰਿਹਾ ਸੀ ਕਿ ਹੇ ਰੱਬਾ ! 20-25 ਦਿਨ ਮੀਂਹ ਨਾ ਪਾਵੀਂ ਕਿਉਂਕਿ ਮੈਂ ਭਾਂਡੇ ਤਿਆਰ ਕਰ ਕੇ ਰੱਖ ਲਏ ਹਨ, ਹਾਲੇ ਆਵਾ ਨਹੀਂ ਆਇਆ। ਜੇ ਮੀਂਹ ਪੈਣ ਲੱਗ ਪਿਆ ਤਾਂ ਮੈਂ ਤਬਾਹ ਹੋ ਜਾਵਾਂਗਾ।

ਰੱਬ ਦੋਹਾਂ ਭਗਤਾਂ ਦੀ ਬੇਨਤੀ ਸੁਣ ਕੇ ਸੋਚ ਰਿਹਾ ਸੀ ਕਿ ਉਹ ਕਿਸ ਦੀ ਬੇਨਤੀ ਕਬੂਲ ਕਰੇ।

-ਭਵਨਦੀਪ ਸਿੰਘ ਪੁਰਬਾ

Scanned with CamScanner

# ਮੋਗਾ ਭੂੰਡੀਆਂ ਵਾਲਾ



ਮੇਰੇ ਪਿਆਰੇ ਪਾਠਕੋ, ਤੁਹਾਨੂੰ ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਇੱਕ ਗੱਲ ਸੱਚ ਦੱਸਣਾ, ਮੇਰੇ ਛੋਟੇ ਜਿਹੇ ਲੇਖ ਦੇ ਨਾਮ ਨੂੰ ਪੜ੍ਹ ਕੇ ਤੁਸੀਂ ਸਾਰੇ ਹੱਸੇ ਤਾਂ ਜ਼ਰੂਰ ਹੋਵੋਗੇ। ਪਰ ਕੀ ਕਰਾਂ, ਇਹ ਹੀ ਸੱਚਾਈ ਏ, ਆਪਾਂ ਸਾਰੇ ਹੀ ਈ-ਰਿਕਸ਼ਾ ਨੂੰ ਭੂੰਡੀ ਕਹਿੰਦੇ ਹਾਂ? ਭੂੰਡੀ ਬਾਜ਼ਾਰ ਜਾ ਨੇੜੇ -ਤੇੜੇ ਜਾਣ ਦਾ ਸਸਤਾ ਤੇ ਛੇਤੀ ਮਿਲ ਜਾਣ ਵਾਲਾ ਆਵਾਜਾਈ ਦਾ ਸਾਧਨ ਹੈ। ਇਹ ਵੀ ਸੱਚਾਈ ਏ ਕਿ ਇਹ ਪਿਛਲੇ ਇੱਕ ਕੁ ਸਾਲ ਤੋਂ ਗਰੀਬ ਤੇ ਜ਼ਰੂਰਤਮੰਦ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਬਣਿਆ ਹੋਇਆ ਹੈ। ਇਸ ਨੇ ਰਿਕਸ਼ੇ ਅਤੇ ਟੈਂਪੂ (ਖੱਟੇ ਭੂੰਡ) ਤਾਂ ਲੱਗਭਗ ਖਤਮ ਹੀ ਕਰਾ ਛੱਡੇ ਹਨ। ਸੋ ਇਹ ਵਧੀਆ ਗੱਲ ਹੈ ਕਿ, ਭੂੰਡੀ ਬੇਰੁਜ਼ਗਾਰਾ ਲਈ ਰੁਜ਼ਗਾਰ ਦਾ ਸਾਧਨ ਬਣੀ ਹੈ। ਪਰ ਜਿਵੇਂ ਕਹਿੰਦੇ ਹੁੰਦੇ ਆ ਨਾ ਕਿ : "Excess of everytihngi s bad." ਭਾਵ ਕਿ ਕੋਈ ਵੀ ਚੀਜ਼ ਹੱਦ ਤੋਂ ਵੱਧ ਮਾੜੀ ਹੁੰਦੀ ਹੈ। ਠੀਕ ਇਸੇ ਪ੍ਰਕਾਰ ਹੀ ਮੋਗਾ ਸ਼ਹਿਰ ਵਿੱਚ ਭੂੰਡੀਆਂ ਦੀ ਹੱਦੋਂ ਵੱਧ, ਵੱਧਦੀ ਗਿਣਤੀ, ਆਮ ਲੋਕਾਂ ਲਈ ਬਹੁਤ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ। ਹੁਣ ਤਾਂ ਇਹਨਾਂ ਨੇ ਬਾਗ ਗਲੀ ਅਤੇ ਭੀੜ ਵਾਲੇ ਬਾਜਾਰ ਦੀਆਂ ਗਲੀਆਂ ਵਿੱਚ ਵੀ ਘੁਸਪੈਠ ਕਰ ਲਈ ਹੈ। ਇਕੱਲੇ ਮੋਗਾ 'ਚ ਹੀ ਨਹੀਂ, ਸ਼ਾਇਦ ਸਾਰੇ ਸ਼ਹਿਰਾਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਆਦਿ ਵਿੱਚ ਵੀ ਅਜਿਹਾ ਵਾਪਰ ਰਿਹਾ ਹੈ। ਮੈਂ ਵੀ ਸ਼ਾਇਦ ਇਸ ਵਿਸ਼ੇ ਤੇ ਨਾ ਲਿਖਦੀ ਤੇ ਚੁੱਪ ਹੀ ਰਹਿੰਦੀ। ਕਿਉਂਕਿ ਕਹਿੰਦੇ ਆ ਨਾ ਕਿ ਜਿੰਨੀ ਦੇਰ ਆਪਣੇ ਤੇ ਨਹੀਂ ਬੀਤਦੀ ਤਾਂ ਉਨੀ ਦੇਰ ਪਤਾ ਨਹੀਂ ਲੱਗਦਾ।

ਇਹ ਗੱਲ ਲੰਘੇ ਹਫ਼ਤੇ ਦੀ ਆ, ਮੈਂ ਪ੍ਰਤਾਪ ਰੋਡ ਤੋਂ ਆਪਣੇ ਘਰ ਵੱਲ ਨੂੰ ਐਕਟਿਵਾ ਤੇ ਵਾਪਿਸ ਆ ਰਹੀ ਸਾਂ ਤਾਂ ਇੱਕ ਭੂੰਡੀ ਵਾਲੇ ਨੇ ਕਾਹਲੀ ਵਿੱਚ ਆਪਣੀ ਭੂੰਡੀ ਪਿੱਛੋਂ ਲਿਆ ਕੇ, ਮੇਰੇ ਐਕਟਿਵਾ ਵਿੱਚ ਮਾਰੀ, ਜਿਸ ਨਾਲ ਐਕਟਿਵਾ (ਜੋ ਕਿ ਪ੍ਰਤਾਪ ਰੋਡ ਚੌਂਕ ਵਿੱਚ ਭੀੜ ਹੋਣ ਕਰਕੇ ਰੁਕਿਆ ਹੋਇਆ ਸੀ), ਅਚਾਨਕ ਭੂੰਡੀ ਦੇ ਵੱਜਣ ਨਾਲ (ਐਕਟਿਵਾ ਤੇ ਮੈਂ) ਸੜਕ ਤੇ ਡਿੱਗ ਗਏ ਤੇ ਮੇਰੇ ਸੱਟ ਵੀ ਲੱਗੀ। ਭੂੰਡੀ ਵਾਲਾ ਇਹ ਕਹਿ ਕੇ ਉਥੋਂ ਚਲਾ ਗਿਆ ਕਿ ਪਤਾ ਨਹੀਂ ਲੱਗਾ। ਉਸ ਤੋਂ ਅਗਲੇ ਦਿਨ ਅਚਾਨਕ ਮੇਨ ਚੌਂਕ ਕੋਲ, ਸਿਟੀ -1 (ਪੁਲਿਸ ਸ਼ਟੇਸ਼ਨ) ਕੋਲ ਟਰੈਫਿਕ ਇੰਨਚਾਰਜ ਵੱਲੋਂ ਬੱਸ ਨੂੰ ਕਿਸੇ ਕਾਰਨ ਕਰਕੇ ਰੋਕੀ ਖੜ੍ਹੇ ਸੀ, ਇਸ ਨਾਲ ਸਾਰਾ ਟਰੈਫਿਕ ਜਾਮ ਹੋਇਆਂ ਪਿਆ ਸੀ। ਉੱਥੇ ਸਾਰੇ ਈ-ਰਿਕਸ਼ਾ ਲੰਘ ਵਾਲੇ ਵੀ ਖੜੇ ਸਨ। ਮੈਂ ਵੀ ਐਕਟਿਵਾ ਇੱਕ ਪਾਸੇ ਲਗਾ ਕੇ ਟਰੈਫਿਕ ਇੰਨਚਾਰਜ ਨੂੰ ਪੁੱਛ ਲਿਆ ਕਿ ਕੀ ਗੱਲ ਹੋਈ ਹੈ? ਅਤੇ ਕਿਹਾ ਕਿ ਇਨ੍ਹਾਂ ਈ-ਰਿਕਸ਼ਿਆਂ ਵਾਲਿਆਂ ਨੂੰ ਵੀ ਸਮਝਾਓ ਕਿ ਇਹ ਕੋਈ ਟਰੈਫਿਕ ਨਿਯਮਾਂ ਦਾ ਪਾਲਣ ਕਰਨ ਅਤੇ ਧਿਆਨ ਨਾਲ ਰਿਕਸ਼ਾ ਚਲਾਇਆ ਕਰਨ। ਪਰ ਉਹ ਕਹਿੰਦੇ, ਤੁਸੀਂ ਆਪ ਹੀ ਕਹਿ ਲਵੋ, ਇਹ ਸਾਰੇ ਖੜ੍ਹੇ ਹਨ। ਜਦੋਂ ਮੈਂ ਉਨ੍ਹਾਂ ਨੂੰ ਸਮਝਾਇਆ ਤਾਂ ਉਹ ਸਾਰੇ ਮੂਕ ਦਰਸ਼ਕ ਬਣੇ, ਮੇਰੇ ਮੂੰਹ ਵੱਲ ਵਹਿੰਦੇ ਰਹੇ ਅਤੇ ਹਾਂ-ਹੂੰ 'ਚ ਸਿਰ ਹਿਲਾਉਂਦੇ ਰਹੇ। ਟਰੈਫਿਕ ਇੰਨਚਾਰਜ ਨੇ ਇਨ੍ਹਾਂ ਹੀ ਕਿਹਾ ਕਿ, ਆਹ ਸੁਣ ਲਵੋ ਕਿ ਮੈਡਮ ਕੀ ਕਹਿੰਦੀ ਆਂ? ਹੁਣ ਮੈਂ ਮੋਗੇ ਦੀ MLA, DC, SDM, SSP or Trafifc Incharge ਤਾਂ ਹੈ ਨਹੀਂ ਕਿ ਉਹ ਮੇਰਾ ਕਿਹਾ ਮੰਨਦੇ? ਮੈਂ ਤਾਂ ਮੋਗੇ ਦੀ ਇੱਕ ਆਮ ਨਾਗਰਿਕ ਹਾਂ। ਜੇ ਮੈਂ ਲੇਖਿਕਾ ਹਾਂ ਤਾਂ ਉਹ ਸਿਰਫ਼ ਮੈਨੂੰ ਪਤਾ ਕਿ ਮੈਂ ਲਿਖਦੀ ਆਂ, ਕੁਛ ਲੋਕਾਂ ਨੂੰ ਪਤਾ, ਸਾਰਿਆਂ ਨੂੰ ਥੋੜੀ ਪਤਾ? ਉਸ ਦਿਨ ਮੈਨੂੰ ਇੰਝ ਲੱਗਿਆ ਕਿ ਮੋਗੇ ਵਿੱਚ ਸ਼ਾਇਦ ਅਮਨ ਕਾਨੂੰਨ ਨਾਮ ਦੀ ਕੋਈ ਚੀਜ਼ ਈ ਨਹੀਂ, ਹਰ ਕੋਈ ਆਪ ਮੁਹਾਰਾ ਹੋਇਆ ਫਿਰਦਾ? ਉਪਰੋਕਤ ਉੱਚ-ਅਹੁੱਦਿਆਂ ਤੇ ਬੈਠੇ ਅਫ਼ਸਰ ਤੇ ਇਸ ਗੱਲ ਤੇ ਗੌਰ ਫ਼ੁਰਮਾਉਣ ਕਿ ਉੱਚ ਅਫਸਰਾਂ ਨੂੰ ਤਨਖਾਹਾਂ ਸਰਕਾਰ ਇਕੱਲੇ ਦਫਤਰਾਂ ਵਿੱਚ ਬੈਠਣ ਲਈ ਨਹੀਂ ਦਿੰਦੀ ਸਗੋਂ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫ਼ਾਂ ਨੂੰ ਸੁਣ ਕੇ ਦੂਰ ਕਰਨ ਤੇ ਜਿਲ੍ਹੇ ਵਿੱਚ ਅਮਨ ਕਾਨੂੰਨ ਤੇ ਸ਼ਾਂਤੀ ਵਿਵਸਥਾ ਬਣਾਏ ਰੱਖਣ ਲਈ ਦਿੰਦੀ ਹੈ। ਲੀਡਰਾਂ ਦਾ ਵੋਟਾਂ ਤੋਂ ਪਹਿਲਾਂ ਸ਼ਹਿਰ ਵਾਸੀਆਂ ਨਾਲ ਕੀਤਾ ਪਿਆਰ ਛੂੰ-ਮੰਤਰ ਹੋ ਜਾਦਾ ਹੈ ਅਤੇ ਉਨ੍ਹਾਂ ਦੇ ਕੀਤੇ ਪਹਿਲਾ ਵਾਲੇ ਵਾਅਦੇ 'ਸਾਫ਼-ਸੁਥਰਾ ਤੇ ਹਰਿਆ-ਭਰਿਆ ਸ਼ਹਿਰ' ਸਿਰਫ਼ ਚੁਣਾਵੀ ਜੁਮਲਾ ਈ ਬਣ ਕੇ ਰਹਿ ਜਾਂਦਾ ਹੈ ਹੁਣ ਤਾਂ ਬੱਸ ਇਹੀ ਕਹਿ ਸਕਦੇ ਆਂ

'ਗਜ਼ਬ ਕਿਆ ਤੇਰੇ ਵਾਅਦੇ ਪੇ ਇਤਬਾਰ ਕੀਆ,
ਹਮ ਨੇ ਹਰ ਬਾਰ ਤੁਮਾਹਾਰਾ ਇੰਤਜ਼ਾਰ ਕਿਆ।'

ਅਤੇ ਕਹਿੰਦੇ ਆ ਕਿ ਡੀ.ਸੀ. ਸਾਹਿਬ ਜ਼ਿਲੇ ਦੀ 'ਮਾਂ' ਹੁੰਦੀ ਹੈ। ਇਸ ਵਾਰ ਇੱਕ ਆਪਣੀ ਲੇਖਿਕਾ ਭੈਣ ਤੋਂ ਤਾਰੀਫ਼ ਕਾਫ਼ੀ ਸੁਣੀ ਆਂ ਡੀ.ਸੀ ਸਾਹਿਬ ਦੀ। ਸੋ ਆਖਿਰ ਵਿੱਚ ਜਿਆਦਾ ਨਾ ਕਹਿੰਦੀ-ਲਿਖਦੀ ਹੋਈ ਇਹੀ ਕਹਾਂਗੀ ਕਿ ਮੋਗੇ ਦੀਆਂ ਸਮੱਸਿਆਵਾਂ ਸੁਲਝਾਉਣ ਵੱਲ ਧਿਆਨ ਜਿਆਦਾ ਦੇਣ ਦੀ ਲੋੜ ਆ ਤਾਂ ਜੋ ਮੋਗੇ ਨੂੰ ਸਾਫ ਸੁਥਰਾ, ਸੋਹਣਾ, ਅਮਨ ਕਾਨੂੰਨ ਤੇ ਸ਼ਾਂਤੀ ਭਰਭੂਰ ਬਣਾਇਆ ਜਾ ਸਕੇ। ਆਪਣੇ ਸ਼ਹਿਰ ਮੋਗੇ ਤੇ ਸਾਨੂੰ ਸਾਰਿਆਂ ਨੂੰ ਮਾਣ ਹੋਵੇ ਨਾ ਕਿ ਤਰਸ ਖਾ ਕੇ ਇਹ ਕਹਿਣਾ ਪਵੇ ਕਿ :

'ਲੱਗ ਗਈ ਨਜ਼ਰ ਤੈਨੂੰ ਕੀਹਦੀ ਜੀਣ ਜੋਗਿਆ,
ਵੇ ਆਹ ਤੇਰਾ ਹਾਲ ਕੀ ਬਣਾਤਾ ਮੇਰੇ ਮੋਗਿਆ'?

ਸੋ ਆਓ ਅਸੀਂ ਵੀ ਸਾਰੇ ਆਪਣੇ ਫਰਜ਼ ਪਛਾਣਦੇ ਹੋਏ ਮੋਗੇ ਨੂੰ ਸਾਫ਼-ਸੁਥਰਾ, ਹਰਾ-ਭਰਾ ਤੇ ਸ਼ਾਂਤੀ ਵਿਵਸਥਾ ਬਣਾਏ ਰੱਖਣ ਲਈ ਪੁਲਿਸ ਪ੍ਰਸ਼ਾਸਨ, ਡੀ. ਸੀ.ਸਾਹਿਬ ਤੇ ਐਮ.ਐਲ.ਏ.ਸਾਹਿਬਾ ਦਾ ਸਹਿਯੋਗ ਕਰੀਏ।



ਕਿਉਂਕਿ ਮੈਂ ਤਾਂ ਆਪਣਾ ਫ਼ਰਜ਼ ਪਛਾਣਦੇ ਹੋਏ ਇਹ ਲੇਖ ਲਿਖ਼ ਦਿੱਤਾ ਹੈ ਇਸ ਤੇ ਅਮਲ ਕਰਨਾ ਹੁਣ ਤੁਹਾਡੀ ਸਾਰੇ ਮੋਗਾ ਵਾਸੀਆਂ ਦੀ ਜ਼ਿੰਮੇਵਾਰੀ ਹੈ। ਸ਼ਾਲਾ! ਮੇਰਾ ਸੋਹਣਾ ਮੋਗਾ ਸਦਾ ਹੱਸਦਾ ਵੱਸਦਾ ਰਹੇ।

-ਹਰਜੀਤ ਕੌਰ ਗਿੱਲ
E-mail: harjitgill_77@yahoo.com

## 'ਕੀਮਤੀ ਹੰਝੂ'

ਤਰਸੇਮ ਖਾਨ ਅਸ਼ਰਫੀ, ਲੰਡੇ ਜ਼ਿਲ੍ਹਾ ਮੋਗਾ
ਸੰਪਰਕ : 88729-62513

ਵਾਘਾ ਬਾਡਰ ਤੇ ਖੜ੍ਹਾ ਕਰਤਾਰਾ ਪਾਕਿਸਤਾਨੋਂ ਆ ਰਹੇ ਬਚਪਨ ਦੇ ਸਾਥੀ ਕਰਮ ਦੀਨ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ। ਥੋੜ੍ਹੇ ਸਮੇਂ ਬਾਦ ਜਦੋਂ ਉਸਨੇ ਕਰਮਦੀਨ ਨੂੰ ਭਾਰਤ ਦੀ ਧਰਤੀ ਵੱਲ ਆਉਂਦੇ ਵੇਖਿਆ ਤਾਂ ਉਸ ਦੇ ਦਿਲੋ ਦਿਮਾਗ ਦੇ ਅੰਬਰਾਂ ਵਿੱਚ ਖੁਸ਼ੀ ਦੀਆਂ ਆਤਿਸ਼ਬਾਜੀਆਂ ਚੜ੍ਹਣ ਲੱਗੀਆ। ਜਦੋਂ ਮੁੱਦਤਾਂ ਦੀਆਂ ਵਿੱਛੜੀਆਂ ਦੋ ਰੂਹਾਂ ਨੇ ਇੱਕ ਦੂਜੇ ਨੂੰ ਤੱਕਿਆ ਤਾਂ ਉਹਨਾਂ ਨੂੰ ਲੱਗਿਆ ਜਿਵੇਂ ਸਮਾਂ ਰੁਕ ਗਿਆ ਹੋਵੇ। ਜਿਵੇਂ ਆਸਮਾਨ ਧਰਤੀ ਤੇ ਉੱਤਰ ਆਇਆ ਹੋਵੇ। ਬਚਪਨ ਦੇ ਦੋ ਸਾਥੀ ਇੱਕ ਦੂਜੇ ਨੂੰ ਚੁੰਬਕ ਵਾਂਗ ਚੁੰਬੜ ਗਏ।

ਜਦ ਦੋਵੇਂ ਦੋਸਤ ਪਿੰਡ ਦੀ ਫਿਰਨੀ ਤੇ ਪਹੁੰਚੇ ਤਾਂ ਗੱਡੀ ਤੋਂ ਉੱਤਰ ਕੇ ਕਰਮ ਦੀਨ ਨੇ ਪਿੰਡ ਦੀ ਜ਼ਮੀਨ ਤੇ ਸਜਦਾ ਕੀਤਾ ਤੇ ਮਿੱਟੀ ਚੁੱਕ ਕੇ ਸੀਨੇ ਨਾਲ ਲਾਈ। ਪਿੰਡ ਦੇ ਲੋਕ ਜੋ ਆਪਣੇ ਬੂਹਿਆਂ ਅੱਗੇ ਸਵਾਗਤ ਲਈ ਖੜ੍ਹੇ ਸਨ ਸਭ ਭਾਵੁਕ ਹੋ ਗਏ। ਸੱਤਰ ਸਾਲ ਬਾਦ ਪਿੰਡ ਪਰਤੇ ਕਰਮ ਦੀਨ ਨੇ ਚੌਂਕ ਵਿੱਚ ਖੜ੍ਹੇ ਪੁਰਾਣੇ ਬੋਹੜ ਨੂੰ ਘੁੱਟ ਕੇ ਜੱਫੀ ਪਾ ਲਈ। ਧਾਹਾਂ ਮਾਰ ਕੇ ਉਹ ਕਹਿਣ ਲੱਗਾ ਮੇਰੇ ਦੋਸਤਾ ਤੇਰਾ ਧੰਨਵਾਦ ਕਿ ਤੂੰ ਸੱਤਰ ਸਾਲ ਇੱਕ ਜਗ੍ਹਾ ਖੜ੍ਹ ਕੇ ਮੇਰਾ ਇੰਤਜ਼ਾਰ ਕੀਤਾ। ਕਰਮ ਦੀਨ ਦੀ ਇਹ ਹਾਲਤ ਵੇਖ ਹਰ ਇੱਕ ਨੂੰ ਮਹਿਸੂਸ ਹੋਇਆ ਜਿਵੇਂ ਉਹਨਾਂ ਦੇ ਕਲੇਜੇ ਫਟ ਰਹੇ ਹੋਣ। ਸਾਰਾ ਆਲਾ-ਦੁਆਲ ਜਜ਼ਬਾਤੀ ਹੋ ਗਿਆ। ਇਹ ਮੰਜ਼ਰ ਵੇਖ ਕਰਤਾਰਾ ਹੰਝੂਆਂ ਨਾਲ ਤਰਬਾਤਰ ਹੋ ਗਿਆ। ਪਿੰਡ ਦੀਆਂ ਗਲੀਆਂ ਕਰਮਦੀਨ ਦੇ ਪੈਰਾਂ ਦੇ ਬੋਸੇ (ਚੁੰਮਣ) ਲੈਣ ਲੱਗੀਆਂ।

ਆਪਣੇ ਮਿੱਤਰ ਦੇ ਘਰ ਜਦਕਰਮਦੀਨ ਪਹੁੰਚਿਆ ਤਾਂ ਸਾਰਾ ਪਿੰਡ ਇੱਕਠਾ ਹੋ ਗਿਆ। ਪੁਰਾਣੀਆਂ ਯਾਦਾਂ ਨੂੰ ਤਾਜਾ ਕਰਨ ਲਈ ਲੋਕ ਕਰਮ ਦੀਨ ਦੇ ਆਸੇ ਪਾਸੇ ਬੈਠ ਗਏ। ਘਰ ਦੇ ਸਾਹਮਣੇ ਜੋ ਛੱਪੜ ਹੈ ਉਸ ਵਿੱਚ ਕਿਸ ਵੇਲੇ ਕਰਮੂ ਤੇ ਕਰਤਾਰਾ ਇੱਕਠੇ ਮੱਝਾਂ ਨੁਹਾਇਆ ਕਰਦੇ ਸਨ। ਕਰਮੂ ਨੇ ਕਰਤਾਰੇ ਨੂੰ ਯਾਦ ਦਿਵਾਇਆ ਕਿ ਇੱਕ ਵਾਰ ਆਪਾਂ ਛੋਟੇ ਹੁੰਦੇ ਪ੍ਰਤਾਪੇ ਕੀ ਘੁਲਾੜੀ ਤੇ ਤਾਜਾ ਤੇ ਤੱਤਾ ਗੁੜ ਖਾਣ ਗਏ ਸੀ ਤੇ ਜਦ ਘਰ ਲੇਟ ਵਾਪਿਸ ਆਏ ਸੀ ਤਾਂ ਬਾਪੂ ਨੇ ਆਪਾਂ ਦੋਵਾਂ ਨੂੰ ਕਿੰਨਾ ਝਿੜਕਿਆ ਸੀ। ਆਪਾਂ ਇੱਕਠੇ ਖਿੱਦੋ-ਖੂੰਡੀ ਖੇਡਦੇ-ਖੇਡਦੇ ਲੜ ਵੀ ਪੈਂਦੇ ਸਾਂ ਪਰ ਰਾਤ ਨੂੰ ਇੱਕਠੇ ਸੌਂਦੇ ਸਾਂ। ਖੇਤ ਇੱਕਠੇ ਮੱਝਾਂ ਚਾਰਨ ਜਾਂਦੇ ਤੇ ਬੋਲਾ ਭੁੰਨ-ਭੁੰਨ ਖਾਂਦੇ। ਬਚਪਨ ਦੀਆਂ ਕੌੜੀਆਂ ਮਿੱਠੀਆਂ ਯਾਦਾਂ ਦੇ ਸੀਨ ਦੋਵਾਂ ਦੀਆਂ ਨਿਗਾਹਾਂ ਦੇ ਸਾਹਮਣੇ ਕਿਸੇ ਫਿਲਮ ਦੇ ਸੀਨ ਵਾਗੂੰ ਘੁੰਮਣ ਲੱਗੇ।

ਕਰਤਾਰਾ ਹਰ ਰੋਜ਼ ਕਰਮਦੀਨ ਨੂੰ ਲੈ ਕੇ ਪਿੰਡ ਦੇ ਖੂਹ ਤੇ ਤਾਸ਼ ਖੇਡਣ ਲਈ ਚਲਾ ਜਾਂਦਾ। ਇੱਕ ਦਿਨ ਦੋਵੇਂ ਖੇਤ ਚਲੇ ਗਏ ਤੇ ਪੁਰਾਣੇ ਪਲਾਂ ਨੂੰ ਯਾਦ ਕਰਕੇ ਰੋਣ ਲੱਗ ਪਏ।

ਅਖੀਰ ਅੱਜ ਉਹ ਦਿਨ ਆ ਗਿਆ ਜਦ ਕਰਮਦੀਨ ਨੇ ਪਾਕਿਸਤਾਨ ਵਾਪਿਸ ਜਾਣਾ ਸੀ। ਪਿੰਡ ਦੇ ਬਹੁਤ ਸਾਰੇ ਬੱਚੇ, ਜਵਾਨ ਤੇ ਬੁੱਢੇ ਕਰਮਦੀਨ ਨੂੰ ਵਿਦਾ ਕਰਨ ਲਈ ਹੁਣ ਕਰਤਾਰੇ ਦੇ ਘਰ ਪਹੁੰਚੇ ਹੋਏ ਸਨ। ਹਰ ਕਿਸੇ ਦਾ ਚਿਹਰਾ ਉਦਾਸ ਸੀ। ਕੁਝ ਬਜ਼ੁਰਗਾਂ ਦੀਆਂ ਅੱਖਾਂ ਸਾਹਮਣੇ ਸੰਨ ਸੰਤਾਲੀ ਦੇ ਵੱਢ ਟੁੱਕ ਦੇ ਸੀਨ ਘੁੰਮਣ ਲੱਗੇ। ਕਰਮਦੀਨ ਹਰ ਇੱਕ ਨੂੰ ਵਾਰੀ-ਵਾਰੀ ਮਿਲਦਾ-ਮਿਲਦਾ ਜਦ ਵਿਹੜੇ ਵਿੱਚ ਖੜ੍ਹੀ ਨਿੰਮ ਥੱਲੇ ਖੜ੍ਹੇ ਆਪਣੇ ਮਿੱਤਰ ਕਰਤਾਰੇ ਵੱਲ ਤੱਕਿਆ ਤਾਂ ਕਰਤਾਰੇ ਦੀ ਧਾਹ ਨਿਕਲ ਗਈ। ਦੋਵਾਂ ਯਾਰਾਂ ਨੇ ਇੱਕ ਦੂਜੇ ਨੂੰ ਘੁੱਟ ਕੇ ਸੀਨੇ ਲਾ ਲਿਆ। ਅਖੀਰ ਦੋਵਾਂ ਨੇ ਆਪੋ-ਆਪਣੇ ਮੁਕਿਆਂ ਨਾਲ ਇੱਕ ਦੂਜੇ ਦੇ ਹੰਝੂ ਪੂੰਝੇ। ਚੰਗਾ ਮੇਰੇ ਜਿਗਰੀਆ ਯਾਰਾ ਹੁਣ ਪਤਾ ਨਹੀਂ ਮੇਲ ਹੋਣ ਜਾਂ ਨਾ ਹੋਣ। ਏਨਾਂ ਆਖ ਕਰਮਦੀਨ ਗੱਡੀ ਵਿੱਚ ਬੈਠ ਗਿਆ ਤੇ ਕਰਤਾਰਾ ਦੂਰ ਤੱਕ ਖੜ੍ਹਾ ਤਕਦਾ ਰਿਹਾ। ਜਦੋਂ ਗੱਡੀ ਪਿੰਡ ਦੀ ਫਿਰਨੀ ਤੋਂ ਬਾਹਰ ਹੋ ਤੁਰੀ ਤਾਂ ਕਰਤਾਰਾ ਇੱਕ ਦਮ ਕਲੇਜਾ ਫੜ ਮੰਜੇ 'ਤੇ ਬੈਠ ਗਿਆ। ਨਾਲ ਦੇ ਮੰਜੇ ਤੇ ਪਏ ਉਸਦੇ ਪੋਤੇ ਨੇ ਉਸ ਦੇ ਮੂਕੇ ਨਾਲ ਦਾਦੇ ਦੇ ਹੰਝੂ ਪੂੰਝਦੇ ਹੋਏ ਪੁੱਛਣ ਲੱਗਾ ਬਾਪੂ ਜੀ ਕੀ ਗੱਲ ਹੋ ਗਈ ਤੁਸੀਂ ਠੀਕ ਤਾਂ ਹੋ ਨਾ। ਸੁਬਾ ਉੱਠ ਕਰਤਾਰੇ ਨੇ ਸਾਰੇ ਪਰਿਵਾਰ ਨੂੰ ਦੱਸਿਆ ਕਿ ਰਾਤੀਂ ਸੁਪਨੇ ਵਿੱਚ ਮੇਰਾ ਇਕ ਬਚਪਨ ਦਾ ਦੋਸਤ ਪਾਕਿਸਤਾਨੋਂ ਮੈਨੂੰ ਮਿਲਣ ਆਇਆ। ਮੇਰੇ ਕੋਲ ਕੁਝ ਦਿਨ ਰਹਿਣ ਮਗਰੋਂ ਜਦ ਉਹ ਵਾਪਿਸ ਜਾਣ ਲੱਗਾ ਤਾਂ ਮੇਰੀਆਂ ਧਾਹਾਂ ਕਿਲ ਗਈਆਂ। ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਹੰਝੂਆਂ ਨਾਲ ਗੱਚ ਸੀ। ਕਾਸ਼ ਜੇ ਸੁਪਨੇ ਸੱਚ ਹੁੰਦੇ। ਕਰਤਾਰੇ ਨੇ ਆਪਣੇ ਘਰ ਵਾਲੀ ਤੋਂ ਉਹ ਮੂਕਾ ਮੰਗਵਾਇਆ ਜਿਸ ਨਾਲ ਪੋਤੇ ਨੇ ਕਰਤਾਰੇ ਦੇ ਹੰਝੂ ਪੂੰਝੇ ਸਨ। ਉਸ ਨੇ ਮੂਕਾ ਕਾਲਜੇ ਨਾਲ ਲਾਉਂਦੇ ਹੋਏ ਕਿਹਾ ਕਿ ਮੇਰੇ ਜਿਗਰੀ ਯਾਰਾ ਜੇ ਮੈਂ ਪੰਛੀ ਹੁੰਦਾ ਤਾਂ ਝੱਟ ਉਡਾਰੀ ਮਾਰ ਕੇ ਆ ਜਾਂਦਾ। ਉਹ ਕਹਿਣ ਲੱਗਾ ਕਿ ਇਹ ਮੂਕਾ ਮੈਂ ਆਖਰੀ ਸਾਹਾਂ ਤੱਕ ਆਪਣੇ ਪਾਸ ਰੱਖਾਂਗਾ। ਇਸ ਮੂਕੇ ਵਿੱਚ ਮੇਰੇ ਯਾਰ ਦੇ ਵਿਛੜੇ ਵਿੱਚ ਵਸੇ ਹੰਝੂ ਸਮੋਏ ਹਨ। ਇਹ 'ਕੀਮਤੀ ਹੰਝੂ, ਮੈਨੂੰ ਜਾਨੋਂ ਵੱਧ ਪਿਆਰੇ ਹਨ।

## ਨਸ਼ੇੜੀ ਨੂੰ ਫਿਟਕਾਰ



ਕੀ ਹੋ ਗਿਆ ਸੋਹਣਿਉ ਉਏ
ਅਣਖਾਂ ਤੁਸੀਂ ਮੁਕਾਉਣ ਲੱਗੇ,
ਜਿਹੜੇ ਹੱਥ ਕਰਦੇ ਸੀ ਰਾਖੀ
ਮਜ਼ਲੂਮਾਂ, ਔਰਤਾਂ, ਬੱਚਿਆਂ ਦੀ,
ਅੱਜ ਉਹੀ ਹੱਥ ਨਸ਼ੇ ਦੇ ਟੀਕੇ
ਆਪਣੇ ਆਪ ਲਗਾਉਣ ਲੱਗੇ?

ਕੀ ਲਾਲਚ ਜਾਂ ਮਜਬੂਰੀ ਹੈ
ਜਿਹੜੀ ਤਹਾਨੂੰ ਤੋੜੀ ਜਾਂਦੀ ਹੈ,
ਜੋ ਸ਼ਮਸ਼ੀਰਾਂ ਚੱਕਣ ਵਾਲਿਆਂ ਨੂੰ
ਰਾਹ ਸ਼ਮਸ਼ਾਨ ਦੇ ਤੋਰੀ ਜਾਂਦੀ ਹੈ?

ਇਤਿਹਾਸ ਇਹ ਸਾਡਾ ਨਹੀਂ ਹੈਗਾ
ਜੋ ਤੁਸੀਂ ਬਣਾਈ ਜਾਂਦੇ ਹੋ,
ਸਿਰ ਦੇ ਕੇ ਸੀ ਜੋ ਮੁਕਾਮ ਬਣਾਏ,
ਨਸ਼ੇੜੀ ਕਿਉਂ ਅਖਵਾਈ ਜਾਂਦੇ ਹੋ?

ਗੁਆਚਿਆ ਕੱਲ ਲੱਭਣ ਲਈ
ਹੁਣ ਅਤੀਤ ਹੀ ਮਾਰਗ ਦੱਸੇਗਾ,
ਗਲੋਂ ਲਾਹ ਕੇ ਭੈੜੀਆਂ ਅਲਾਮਤਾਂ,
ਕਾਸ਼ ਕਦ ਭੁਲਿਆ ਪਾਂਧੀ ਹੱਸੇਗਾ?

- ਕੁਲਦੀਪ ਖੁਖਰਾਣਾ, 95015-77900

Scanned with CamScanner




## ਇਹ ਵੀ ਜਾਣੋ


1. ਚੂਹੇ ਅਤੇ ਹਾਥੀ ਵਿਚ ਸਾਂਝਾ ਲੱਛਣ ਕੀ ਹੈ?
2. ਭਾਰਤ ਵਿਚ ਕਿਸ ਰਾਜ ਦੀ ਵਸੋਂ ਘਣਤਾ ਸਭ ਤੋਂ ਵੱਧ ਹੈ?
3. ਕਾਗ਼ਜ਼ ਬਣਾਉਣ ਲਈ ਕਿਹੜਾ ਘਾਹ ਵਰਤਿਆ ਜਾਂਦਾ ਹੈ?
4. ਉਹ ਕਿਹੜਾ ਜਾਨਵਰ ਹੈ, ਜਿਹੜਾ ਪਾਣੀ ਤੇ ਥਲ ਦੋਵਾਂ ਵਿਚ ਰਹਿ ਸਕਦਾ ਹੈ?
5. ਦੁਨੀਆਂ ਵਿਚ ਸਭ ਤੋਂ ਵੱਡੇ ਜਾਨਵਰ ਦਾ ਨਾਂਅ ਦੱਸੋ?
6. ਰਾਸ਼ਟਰਪਤੀ ਦੀ ਚੋਣ ਲੜਨ ਲਈ ਕਿੰਨੀ ਉਮਰ ਚਾਹੀਦੀ ਹੈ?
7. ਯੋਜਨਾ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
8. ਨੈਪੋਲੀਅਨ ਕਿੱਥੋਂ ਦਾ ਸ਼ਾਸ਼ਕ ਸੀ?
9. ਸੱਪ ਦੀ ਜ਼ਹਿਰ ਦੀ ਵਰਤੋਂ ਕਿਨ੍ਹਾਂ ਵਿਚ ਕੀਤੀ ਜਾਂਦੀ ਹੈ?
10. ਧੁੱਪ ਤੋਂ ਸਾਨੂੰ ਕਿਹੜਾ ਵਿਟਾਮਿਨ ਮਿਲਦਾ ਹੈ?

ਉਤਰ - 1. ਦੋਵੇਂ ਸਜੀਵ ਹਨ, 2. ਕੇਰਲਾ, 3. ਸਵਾਹੀ ਘਾਹ, 4. ਡੱਡੂ, 5. ਨੀਲੀ ਵੇਲ੍ਹ, 6. 35 ਸਾਲ, 7. ਪ੍ਰਧਾਨ ਮੰਤਰੀ, 8. ਫਰਾਂਸ ਦਾ, 9. ਦਵਾਈਆਂ ਵਿਚ, 10. ਵਿਟਾਮਿਨ 'ਡੀ'

## ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ


- ਹਾਈਡਰਾ ਅਲੂਣੇ ਪਾਣੀ ਵਿਚ ਰਹਿਣ ਵਾਲਾ ਐਸਾ ਜੀਵ ਹੈ ਜਿਸ ਦਾ ਕੋਈ ਮਲ-ਦੁਆਰ ਨਹੀਂ ਹੁੰਦਾ। ਇਹ ਅਣਪਚਿਆ ਭੋਜਨ ਅਤੇ ਮਲ-ਪਦਾਰਥ ਮੂੰਹ ਰਸਤੇ ਬਾਹਰ ਕੱਢਦਾ ਹੈ।
- ਫਾਈਸੇਲੀਆ ਇਕ ਐਸਾ ਸਮੁੰਦਰੀ ਜੀਵ ਹੈ, ਜਿਸ ਦਾ ਸਰੀਰ ਪਾਰਦਰਸ਼ਕ ਹੁੰਦਾ ਹੈ।
- ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।
- ਮੈਕਸੀਕੋ ਅਤੇ ਅਮਰੀਕਾ ਦੇ ਪੱਛਮ-ਪੂਰਬੀ ਭਾਗ ਵਿਚ ਸਿੰਗੀ ਕਿਰਲੀ (ਕਿਰਲੀ ਜਾਤੀ) ਨਾਂਅ ਦਾ ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ਼ ਧਾਰਾਂ ਦੁਸ਼ਮਣ 'ਤੇ ਸੁੱਟਦਾ ਹੈ।
- ਗਿਲਾਮੌਂਸਟਰ ਅਮਰੀਕਾ ਵਿਚ ਪਾਇਆ ਜਾਣ ਵਾਲਾ ਕਿਰਲੀ ਜਾਤੀ ਦਾ ਐਸਾ ਜੀਵ ਹੈ ਜਿਸ ਦੇ ਕੱਟਣ ਨਾਲ ਮਨੁੱਖ ਦੀ ਮੌਤ ਹੋ ਸਕਦੀ ਹੈ।
- ਬ੍ਰਾਜ਼ੀਲ ਦੇ ਜੰਗਲਾਂ ਵਿਚ ਸਲਾਥ ਨਾਂਅ ਦਾ ਐਸਾ ਜੀਵ ਪਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਰੁੱਖਾਂ ਨਾਲ ਪੁੱਠਾ ਲਟਕਿਆ ਰਹਿੰਦਾ ਹੈ। ਇਸ ਦੀ ਪਕੜ ਐਨੀ ਮਜ਼ਬੂਤ ਹੈ ਕਿ ਗੋਲੀ ਲੱਗਣ 'ਤੇ ਵੀ ਗਲ-ਸੜ ਕੇ ਹੀ ਹੇਠਾਂ ਡਿੱਗਦਾ ਹੈ।
- ਉਤਰੀ ਅਮਰੀਕਾ, ਰੂਸ, ਕੈਨੇਡਾ ਵਿਚ ਮੋਟੇ ਚੂਹੇ ਦੀ ਨੁਹਾਰ ਵਰਗਾ 'ਬੀਵਰ' ਐਸਾ ਜੀਵ ਪਾਇਆ ਜਾਂਦਾ ਹੈ ਜੋ ਦਰਿਆ ਵਿਚ ਸਮੂਹ ਨਾਲ ਮਿਲ ਕੇ ਲੱਕੜੀ ਦੇ ਟੁਕੜਿਆਂ ਨਾਲ 12 ਫੁੱਟ ਤੱਕ ਉਚੀ ਬਣਾਉਟੀ ਝੀਲ ਦਾ ਨਿਰਮਾਣ ਕਰ ਸਕਦਾ ਹੈ।

ਪਿਆਰੇ ਬੱਚਿਓ ! ਦੱਸੋ ਹੇਠ ਦਿੱਤੇ ਹਾਥੀਆਂ 'ਚੋ ਕਿਹੜਾ ਹਾਥੀ ਬਾਕੀਆ ਨਾਲੋ ਭਿੰਨ ਹੈ ?




ਉੱਤਰ: 2

-ਭਾਗਵੰਤੀ ਪੁਰਬਾ




ਪਿਆਰੇ ਬੱਚਿਓ ! ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ A ਤੋਂ Z ਤੱਕ ਦੇ ਅੱਖਰਾ ਵਿਚੋਂ ਕਿਹੜਾ ਅੱਖਰ ਦੋ ਵਾਰ ਲਿਖਿਆ ਹੈ।

ਉੱਤਰ: G

ਪੇਸ਼ਕਸ਼: ਭਾਗਵੰਤੀ ਪੁਰਬਾ
E-Mail: bhagwanti.purba@gmail.com



## ਮਾਡਲ ਸਕੂਲਾਂ ਦਾ ਮਸਲਾ




ਅੱਜਕਲ੍ਹ ਹਰ ਸ਼ਹਿਰ ਵਿਚ ਮਾਡਲ ਸਕੂਲ ਖੁੰਬਾਂ ਵਾਂਗ ਖੁੱਲ੍ਹ ਰਹੇ ਹਨ। ਇਨ੍ਹਾਂ ਦਾ ਉਦੇਸ਼ ਬੱਚਿਆਂ ਨੂੰ ਸੋਹਣੀਆਂ ਵਰਦੀਆਂ ਵਿਚ ਸਜੇ ਧਜੇ ਟਾਈਆਂ ਬੈਲਟਾਂ ਨਾਲ ਲੈਸ ਸਕੂਲ ਦੀਆਂ ਬੱਸਾਂ ਵਿਚ ਆਉਂਦੇ ਵੇਖਣਾ ਹੈ। ਇਨ੍ਹਾਂ ਦਾ ਮਾਧਿਅਮ ਅੰਗਰੇਜ਼ੀ ਵਿਚ ਹੁੰਦਾ ਹੈ। ਅਸੀਂ ਰੀਸੋ ਰੀਸ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਭੇਜਦੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਬੱਚਾ ਵੀ ਤੋਤੇ ਵਾਂਗ ਸਿਰਫ਼ ਅੰਗਰੇਜ਼ੀ ਹੀ ਬੋਲੇ। ਜਦੋਂ ਨਤੀਜਾ ਨਿਕਲਦਾ ਹੈ ਤਾਂ ਸਾਡਾ ਬੱਚਾ ਬੁਰੀ ਤਰ੍ਹਾਂ ਫੇਲ ਹੁੰਦਾ ਹੈ ਕਿਉਂਕਿ ਉਹ ਮਾਤ ਭਾਸ਼ਾ ਤੋਂ ਹਟਕੇ ਵਿਦੇਸ਼ੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਨਹੀਂ ਸਕਦਾ। ਇਨ੍ਹਾਂ ਸਕੂਲਾਂ ਵਿਚ ਦਾਖਲਾ ਬਹੁਤ ਹੀ ਮੁਸ਼ਕਿਲ ਨਾਲ ਮਿਲਦਾ ਹੈ। ਭਾਰੀਆਂ ਰਕਮਾਂ ਜਿਸਨੂੰ ਡੋਨੇਸ਼ਨ ਕਿਹਾ ਜਾਂਦਾ ਹੈ ਅਤੇ ਵੱਡੀਆਂ ਸਿਫਾਰਸ਼ਾਂ ਦੀ ਲੋੜ ਪੈਂਦੀ ਹੈ। ਇਥੇ ਹੀ ਬੱਸ ਨਹੀਂ ਫਿਰ ਫੀਸਾਂ ਵੀ ਜ਼ਿਆਦਾ ਹਨ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਫਿਰ ਕਿਤਾਬਾਂ ਕਾਪੀਆਂ ਦੇ ਸੈਟ ਵੀ ਤੁਹਾਨੂੰ ਸਕੂਲੋਂ ਹੀ ਮਿਲਣਗੇ, ਟਾਈਆਂ ਬੈਲਟਾਂ ਅਤੇ ਸਕੂਲ ਦੀ ਡਰੈਸ ਵੀ ਵਿਸ਼ੇਸ਼ ਦੁਕਾਨ ਤੋਂ ਹੀ ਮਿਲੇਗੀ। ਬੱਚੇ ਨੂੰ ਲਿਜਾਣ ਵਾਸਤੇ ਬੱਸ ਦੀ ਫੀਸ ਵੱਖਰੀ ਦੇਣੀ ਪਵੇਗੀ।

ਦਾਖਲੇ ਦੇ ਝੰਜਟ ਤੋਂ ਬਾਅਦ ਬੱਚੇ ਦੀ ਪੜ੍ਹਾਈ ਦੀ ਗੱਲ ਕਰਦੇ ਹਾਂ। ਮਾਧਿਅਮ ਅੰਗਰੇਜ਼ੀ ਹੋਣ ਸਦਕਾ ਬੱਚੇ ਦੇ ਮਨ ਤੇ ਹਮੇਸ਼ਾ ਹੀ ਪੜ੍ਹਾਈ ਦਾ ਬੋਝ ਬਣਿਆ ਰਹਿੰਦਾ ਹੈ ਕਿਉਂਕਿ ਉਹ ਬਾਹਰਲੀ ਭਾਸ਼ਾ ਘੱਟ ਸਮੇਂ ਵਿਚ ਨਹੀਂ ਸਿੱਖ ਸਕਦਾ। ਨਤੀਜਾ ਕੀ ਹੁੰਦਾ ਹੈ ਕਿ ਬੱਚੇ ਨੂੰ ਚਾਲੂ ਕਰਨ ਲਈ ਸਾਨੂੰ ਆਪ ਮਿਹਨਤ ਕਰਵਾਉਣੀ ਪਵੇਗੀ ਜਾਂ ਫਿਰ ਟਿਊਸ਼ਨ ਦਾ ਸਹਾਰਾ ਲੈਣਾ ਪਵੇਗਾ।

ਜਿਥੋਂ ਤੱਕ ਆਪ ਮਿਹਨਤ ਦਾ ਵਿਚਾਰ ਹੈ ਉਹ ਅਸੀਂ ਕਰਵਾ ਨਹੀਂ ਸਕਦੇ ਕਿਉਂਕਿ ਅਸੀਂ ਆਪਣੇ ਬਿਜਨੈਸ ਵਿਚ ਏਨਾ ਰੁੱਝ ਚੁੱਕੇ ਹਾਂ ਕਿ ਸਾਨੂੰ ਰਤਾ ਵੀ ਵਿਹਲ ਨਹੀਂ ਹੈ ਕਿ ਅਸੀਂ ਬੱਚੇ ਦੀ ਪੜ੍ਹਾਈ ਵੱਲ ਧਿਆਨ ਦੇਈਏ, ਕਿਉਂਕਿ ਅਸੀਂ ਦਿਨ-ਰਾਤ ਆਪਣੇ ਕੰਮ ਅਤੇ ਲਾਭ ਵਿਚ ਭੱਜੇ ਫਿਰਦੇ ਹਾਂ। ਸਾਡੇ ਕੋਲ ਕਿੱਥੇ ਸਮਾਂ ਹੈ ਕਿ ਅਸੀਂ ਬੱਚੇ ਨੂੰ ਕੋਲ ਬਿਠਾ ਕੇ ਕੁੱਝ ਪੁੱਛ ਦੱਸ ਸਕੀਏ। ਘਰ ਦੀਆਂ ਔਰਤਾਂ ਨੂੰ ਕਿੱਟੀ ਪਾਰਟੀਆਂ ਤੋਂ ਵਿਹਲ ਨਹੀਂ ਮਿਲਦੀ, ਉਹ ਵੀ ਚਾਹੁੰਦੀਆਂ ਹਨ ਕਿ ਬੱਚਾ ਸਾਰਾ ਦਿਨ ਹੀ ਘਰੋਂ ਬਾਹਰ ਰਹੇ ਅਤੇ ਉਹ ਕਿੱਟੀ ਪਾਰਟੀਆਂ ਵਿਚ ਰੁੱਝੀਆਂ ਹੀ ਰਹਿਣ, ਬੱਚੇ ਦਾ ਕੀ ਹੈ, ਆਪੇ ਤੁਰਦਾ ਫਿਰਦਾ ਦੋ ਲਫ਼ਜ਼ ਸਿੱਖ ਜਾਵੇਗਾ।

ਬੱਚੇ ਨੂੰ ਸਕੂਲ ਵਿਚ ਹੀ ਟਿਊਸ਼ਨ ਗਰੁੱਪ ਵਿਚ ਰੱਖ ਲਿਆ ਜਾਂਦਾ ਹੈ, ਇਸਦੀ ਫੀਸ ਵੱਖਰੀ ਹੁੰਦੀ ਹੈ। ਬੱਚਾ ਬੜੀ ਹੀ ਸ਼ਾਨ ਨਾਲ ਬੱਸ ਵਿਚ ਸਵਾਰ ਹੋ ਕੇ ਸਕੂਲ ਜਾਂਦਾ ਹੈ। ਅਸੀਂ ਬੜੀ ਹੀ ਸ਼ਾਨ ਨਾਲ ਕਹਿੰਦੇ ਹਾਂ ਕਿ ਬੱਚਾ ਫਲਾਣੇ ਸਕੂਲ ਵਿਚ ਪੜ੍ਹਦਾ ਹੈ। ਜਦੋਂ ਨਤੀਜਾ ਆਉਂਦਾ ਹੈ ਤਾਂ ਬੱਚਾ ਕੁੱਝ ਵੀ ਨਹੀਂ ਸਿੱਖਿਆ ਹੁੰਦਾ, ਫਿਰ ਉਸ ਨੂੰ ਪੰਜਾਬੀ ਸਕੂਲ ਵਿਚ ਲਗਾਇਆ ਜਾਂਦਾ ਹੈ ਕਿਉਂਕਿ ਉਹ ਪੰਜਾਬੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਨਹੀਂ ਸਕਦਾ, ਉਹ ਪੜ੍ਹਾਈ ਵਿਚ ਪਛੜ ਜਾਂਦਾ ਹੈ। ਉਸਨੂੰ ਇਕ ਜਾਂ ਦੋ ਜਮਾਤਾਂ ਪਿਛਾਂਹ ਮੁੜਨਾ ਪੈਂਦਾ ਹੈ ਕਿਉਂਕਿ ਨਾ ਉਹ ਅੰਗਰੇਜ਼ੀ ਸਿੱਖਿਆ ਹੁੰਦਾ ਹੈ ਅਤੇ ਨਾ ਹੀ ਪੰਜਾਬੀ, ਉਹ ਪੜ੍ਹਾਈ ਨੂੰ ਨਾ ਸਮਝ ਆਉਣ ਵਾਲੀ ਸ਼ੈਅ ਸਮਝਦਾ ਹੈ ਅਤੇ ਅਕਸਰ ਸਕੂਲੋਂ ਗੈਰ ਹਾਜ਼ਰ ਪਾਇਆ ਜਾਂਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਕੁ ਸਕੂਲਾਂ ਨੂੰ ਗਰਾਂਟ ਦੇ ਕੇ ਮਨਜ਼ੂਰਸ਼ੁਦਾ ਕਰਾਰ ਦੇਵੇ, ਗਲੀਆਂ ਵਿਚ ਖੁੱਲੀਆਂ ਵਿੱਦਿਆ ਦੀਆਂ ਇਹ ਦੁਕਾਨਾਂ ਬੰਦ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਨਾ ਕੀਤਾ ਜਾਵੇ। ਮਾਪਿਆਂ ਦੀ ਆਰਥਿਕ ਲੁੱਟ ਖਸੁੱਟ ਨਾ ਹੋ ਸਕੇ। ਪੰਜਾਬੀ ਪੜ੍ਹਕੇ ਬੱਚਾ ਆਪਣੀ ਮਾਤ ਭਾਸ਼ਾ ਤੋਂ ਛੇਤੀ ਹੀ ਜਾਣੂ ਹੋ ਜਾਂਦਾ ਹੈ ਫਿਰ ਅਸੀਂ ਅੰਗਰੇਜ਼ੀ ਸਕੂਲਾਂ ਦਾ ਸਹਾਰਾ ਕਿਉਂ ਲਈਏ? ਆਸ ਕਰਦੇ ਹਾਂ ਕਿ ਸਰਕਾਰ ਇਸ ਸਮੱਸਿਆ ਨੂੰ ਸੰਜੀਦਗੀ ਨਾਲ ਵਿਚਾਰ ਕਰਕੇ ਕੋਈ ਠੋਸ ਹੱਲ ਲੱਭੇਗੀ ਤਾਂਕਿ ਬੱਚਿਆਂ ਦਾ ਭਵਿੱਖ ਉੱਜਲ ਬਣ ਸਕੇ।

ਰਜਿੰਦਰ ਵਰਮਾ

Scanned with CamScanner



# ਦਾਤਾ ਬੰਦੀ ਛੋੜ ਦਿਵਸ ਤੇ ਵਿਸ਼ੇਸ ਸਪਲੀਮੈਂਟ

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988









ਮੁੱਖ ਸੇਵਾਦਾਰ: (ਬਾਬਾ ਸੁਰਿੰਦਰ ਸਿੰਘ) ਬਾਬਾ ਫੋਜਾ ਸਿੰਘ ਜੀ
ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)
ਗੁਰਦੁਆਰਾ ਅਕਾਲ ਬੁੰਗਾ ਸਾਹਿਬ ਕੋਟ ਦੂੰਨਾ (ਸੰਗਰੂਰ)



ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ
ਚੈਰੀਟੇਬਲ ਟਰੱਸਟ (ਰਜਿ.)
ਮਾਨਵਤਾ ਦੀ ਸੇਵਾ ਨੂੰ ਸਮਰਪਿਤ!

ਸਾਰੇ ਟੈਸਟ ਸਿਰਫ ਲਾਗਤ ਰੇਟਾਂ ਤੇ
ਉੱਚ ਤਕਨੀਕ ਨਾਲ ਤੇ ਤਜ਼ੁਰਬੇਕਾਰ ਮਾਹਿਰ ਵੱਲੋਂ ਕੀਤੇ ਜਾਂਦੇ ਹਨ।

ਸਮੂੰਹ ਪਾਠਕਾਂ ਨੂੰ ਦੀਵਾਲੀ ਦੀਆਂ ਕੋਟਿ-ਕੋਟਿ ਮੁਬਾਰਕਾਂ!

SUNNY OBEROI
CLINICAL LAB & DIAGNOSTIC CENTRE

SARBAT DA BHALA ਸਰਬੱਤ ਦਾ ਭਲਾ

ਸਾਰੇ ਟੈਸਟਾਂ ਤੇ ਬਾਜ਼ਾਰ ਨਾਲੋਂ 60% ਤੋਂ 80% ਛੋਟ



ਗੋਬਿੰਦਗੜ੍ਹ ਬਸਤੀ, ਗੁਰਦੁਆਰਾ ਸਾਹਿਬ ਵਾਲੀ ਗਲੀ (ਨੇੜੇ ਗੁਰਦੁਆਰਾ ਸਾਹਿਬ), ਮੋਗਾ
ਸੰਚਾਲਕ : ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)
ਲੈਬ ਦਾ ਸੰਪਰਕ ਨੰ.: 01636-234374
98556-00904, 73555-25509


Scanned with CamScanner

# ਦੀਵਾਲੀ ਮੁਬਾਰਕ ਦੋਸਤੋਂ!

## ਜਿਆਦਾਤਰ ਸਾਡੇ ਬੱਚੇ ਪੜ੍ਹਾਈ ਕਰਨ ਲਈ ਜਾਂ ਜ਼ਿੰਦਗੀ ਦੀ ਸਫਲਤਾਂ ਲਈ ਵਿਦੇਸ਼ਾ ਵਿੱਚ ਜਾ ਰਹੇ ਹਨ, ਬੱਚਿਆਂ ਬਿਨ੍ਹਾਂ ਕਾਹਦੀਆਂ ਦੀਵਾਲੀ ਦੀਆਂ ਖੁਸ਼ੀਆਂ !



-ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)


ਹਰ ਸਾਲ ਦੀਵਾਲੀ ਆਉਦੀਂ ਹੈ ਅਤੇ ਲੰਘ ਜਾਦੀ ਹੈ। ਇਹ ਸਿਲਸਿਲਾ ਹਜਾਰਾਂ ਸਾਲਾਂ ਤ ' ਚੱਲਿਆ ਆ ਰਿਹਾ ਹੈ। ਹਰ ਸਾਲ ਦੀਵਾਲੀ ਕਿਸੇ ਲਈ ਖੁਸ਼ੀ ਭਰੀ ਹੁੰਦੀ ਹੈ ਅਤੇ ਕਿਸੇ ਲਈ ਦੁੱਖਾਂ ਭਰੀ। ਆਮ ਰੋਜਮਰਾ ਦੀ ਜਿੰਦਗੀ ਨਾਲੋਂ ਦੀਵਾਲੀ ਦੇ ਤਿਉਹਾਰ ਤੇ ਖੁਸ਼ੀਆਂ ਗਮੀਆਂ ਜਿਆਦਾ ਮਹਿਸੂਸ ਹੁੰਦੀਆਂ ਹਨ। ਹਰ ਇਨਸਾਨ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਦੀਪਾਂ ਦੇ ਇਸ ਤਿਉਹਾਰ ਦੀਵਾਲੀ ਦਾ ਨਿੱਘ ਆਪਣਿਆਂ ਦੇ ਨਾਲ ਮਨਾਇਆ ਜਾਵੇ। ਪਿਛਲੇ ਸਾਲ ਦੀਵਾਲੀ ਵਾਲੇ ਦਿਨ ਸਾਡੇ ਕਿਸਾਨ ਵੀਰ ਦਿੱਲੀ ਦੀਆਂ ਸਰਹੱਦਾ ਤੇ ਬੈਠੇ ਸਨ ਇਸ ਲਈ ਸਾਨੂੰ ਦੀਵਾਲੀਆਂ ਚੰਗੀਆਂ ਨਹੀਂ ਲੱਗਦੀਆਂ ਸਨ ਪਰ ਐਤਕੀ ਦੀ ਦੀਵਾਲੀ ਪਿਛਲੇ ਸਾਲਾ ਦੀ ਬਜਾਏ ਖੁਸ਼ੀਆਂ ਭਰੀ ਹੈ ਸਾਡੇ ਕਿਸਾਨ ਵੀਰ ਖੇਤੀ ਮਾਰੂ ਕਾਨੂੰਨਾ ਨੂੰ ਵਾਪਸ ਕਰਵਾ ਕੇ ਆਪਣੇ ਘਰ ਵਾਪਿਸ ਪਰਤ ਆਏ ਹਨ ਤੇ ਸਾਡੀਆਂ ਨਵੀਆਂ ਸਰਕਾਰਾ ਵੀ ਸਾਡੀ ਇਛਾ ਅਨੁਸਾਰ ਕੁੱਝ ਕੰਮ ਕਰ ਰਹੀਆਂ ਹਨ।

ਅੱਜ-ਕੱਲ੍ਹ ਜਿਆਦਾਤਰ ਸਾਡੇ ਬੱਚੇ ਪੜ੍ਹਾਈ ਕਰਨ ਲਈ ਜਾਂ ਜਿੰਦਗੀ ਦੀ ਸਫਲਤਾਂ ਲਈ ਵਿਦੇਸ਼ਾ ਵਿੱਚ ਜਾ ਰਹੇ ਹਨ। ਸਾਡੇ ਬੰਧਨ, ਸਾਡੇ ਰਿਸ਼ਤੇ-ਨਾਤੇ ਭਾਵੇਂ ਉਹ ਭੈਣ-ਭਰਾ ਦਾ ਹੋਵੇ, ਮਾਂ-ਬਾਪ, ਬੇਟੇ ਜਾਂ ਬੇਟੀ ਦਾ ਹੋਵੇ, ਪਿਆਰ ਦਾ ਹੋਵੇ, ਮੁਹੱਬਤ ਦਾ ਹੋਵੇ, ਇਨ੍ਹਾਂ ਵਿਚਲੇ ਨਿੱਘ ਨੂੰ ਪੂਰੀ ਤਰ੍ਹਾਂ ਮਾਨਣ ਲਈ ਸਾਡਾ ਮਨ ਉਨ੍ਹਾਂ ਨੂੰ ਸਾਡੇ ਕੋਲ ਹੋਣਾ ਲੋਚਦਾ ਹੈ। ਜੇਕਰ ਸਾਡਾ ਸੱਜਣ ਪਿਆਰਾ, ਸਾਡੇ ਭੈਣ-ਭਰਾ, ਸਾਡੇ ਪਿਆਰ ਅਤੇ ਮੁਹੱਬਤ ਦੇ ਰਿਸ਼ਤੇ ਸਾਡੇ ਕੋਲ ਹੋਣ ਤਾਂ ਦੀਵਾਲੀ ਦੀਆਂ ਖੁਸ਼ੀਆਂ ਦੁਣੀਆ ਚੌਣੀਆਂ ਹੋ ਜਾਦੀਆਂ ਹਨ। ਸਾਨੂੰ ਸਾਡੇ ਬੱਚਿਆਂ ਦੀ ਵਿਦੇਸ਼ ਵਿੱਚ ਜਾਣ ਦੀ ਖੁਸ਼ੀ ਵੀ ਹੈ ਪਰ ਉਨ੍ਹਾਂ ਦੇ ਵਿਛੋੜੇ ਦਾ ਦਰਦ ਵੀ ਹੈ। ਬੱਚਿਆਂ ਬਿਨ੍ਹਾਂ ਕਾਹਦੀਆਂ ਦੀਵਾਲੀ ਦੀਆਂ ਖੁਸ਼ੀਆਂ। ਰੱਬ ਕਰੇ ਕਿ ਕਿਸੇ ਲਈ ਵੀ ਅਜਿਹੀ ਦੀਵਾਲੀ ਕਦੇ ਨਾ ਆਵੇ, ਜਿਸ ਵਿਚ ਕਿਸੇ ਦੇ ਵਿਛੋੜੇ ਦਾ ਦਰਦ ਹੋਵੇ। ਖੁਸ਼ੀਆਂ ਤੇ ਗਮੀਆਂ ਜਿੰਦਗੀ ਦਾ ਹਿੱਸਾ ਹਨ ਜੋ ਹਮੇਸ਼ਾ ਆਉਦੀਆਂ ਜਾਂਦੀਆਂ ਹੀ ਰਹਿਣਗੀਆਂ।

ਇਸ ਤੋਂ ਉੱਪਰ ਉੱਠ ਕੇ ਜੇਕਰ ਦੀਵਾਲੀ ਦੇ ਤਿਉਹਾਰ ਬਾਰੇ ਜਾਣੀਏ ਤਾਂ ਦੀਵਾਲੀ ਸ਼ਬਦ ਦੀਪਾਵਾਲੀ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੀਵਿਆਂ ਦੀਆਂ ਮਾਲਾਵਾਂ ਜਾਂ ਕਤਾਰਾਂ। ਦੀਵਾਲੀ ਰੋਸ਼ਨੀਆਂ ਦਾ ਤਿਉਹਾਰ ਹੈ ਪਹਿਲਾਂ ਲੋਕ ਦੀਵਾਲੀ ਵਾਲੀ ਰਾਤ ਆਪਣੇ ਘਰਾਂ ਦੀਆਂ ਕੰਧਾਂ, ਬਨੇਰਿਆਂ ਤੇ ਗੇਟਾਂ ਉਤੇ ਦੀਵੇ, ਮੋਮਬੱਤੀਆਂ ਆਦਿ ਜਗਾਉਂਦੇ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਚਾਈਨਾ (ਚੀਨ) ਦੀਆਂ ਬਣੀਆਂ ਲੜੀਆਂ ਨੇ ਦੀਵੇ ਤੇ ਮੋਮਬੱਤੀਆਂ ਦੀ ਹੋਂਦ ਖ਼ਤਮ ਹੀ ਕਰ ਦਿੱਤੀ ਹੈ। ਸਿਰਫ ਰਸਮ ਪੂਰੀ ਕਰਨ ਲਈ ਹੀ ਘਰਾਂ ਵਿਚ ਪੰਜ ਸੱਤ ਦੀਵੇ ਜਗਾਏ ਜਾਂਦੇ ਹਨ। ਦੀਵਾਲੀ ਵਾਲੇ ਦਿਨ ਦੀਵੇ ਰੌਸ਼ਨ ਕਰਨੇ ਜਿੱਤ ਜਾਂ ਖੁਸ਼ੀ ਦਾ ਪ੍ਰਗਟਾਵਾ ਕਰਨ ਵਾਂਗ ਹੈ। ਦੀਵੇ ਆਪ ਜਲ ਕੇ ਦੂਸਰਿਆਂ ਦਾ ਮਾਰਗ ਰੋਸ਼ਨ ਕਰਦੇ ਹਨ ਜੋ ਸਾਨੂੰ ਆਪਣਾ ਆਪ ਵਾਰ ਕੇ ਦੂਸਰਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦੇ ਹਨ।

ਵੈਸੇ ਦੀਵਾਲੀ ਦੇ ਤਿਉਹਾਰ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਹਰ ਧਰਮ ਦੇ ਲੋਕ ਆਪਣੇ-ਆਪਣੇ ਪੈਰੋਕਾਰਾਂ ਦੇ ਦੱਸੇ ਅਨੁਸਾਰ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਦੀਵਾਲੀ ਦਾ ਸਬੰਧ ਪੰਜਾਬੀਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਮੌਕੇ ਤੋਂ ਹੀ ਜੁੜਿਆ ਹੋਇਆ ਹੈ ਪਰ ਇਸ ਦਾ ਵਿਸ਼ੇਸ਼ ਮਹੱਤਵ ਉਦੋਂ ਹੋਰ ਬਣਿਆ ਹੈ ਜਦੋਂ ਸਿੱਖਾਂ ਦੇ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗ਼ਲਾਂ ਦੀ ਕੈਦ ਤੋਂ ਮੁਕਤ ਹੋ ਕੇ ਅਤੇ 52 ਰਾਜਪੂਤ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਆਪਣੇ ਨਾਲ ਮੁਕਤ ਕਰਵਾ ਕੇ ਬਾਹਰ ਆਏ। ਇਸ ਖੁਸ਼ੀ ਵਿਚ ਲੋਕਾਂ ਨੇ ਦੀਪਮਾਲਾ ਕੀਤੀ। ਪ੍ਰਸਿੱਧ ਇਤਿਹਾਸਕਾਰ ਬਾਬਾ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਦੀਵੇ ਜਗਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਸ਼ੁਰੂ ਕੀਤੀ ਸੀ। ਹਿੰਦੂ ਧਰਮ ਅਨੁਸਾਰ ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਬਨਵਾਸ ਕੱਢਕੇ ਰਾਵਣ ਤੇ ਉਸਦੀ ਸੈਨਾ ਨੂੰ ਹਰਾਂ ਕੇ ਸੀਤਾ ਨੂੰ ਆਜ਼ਾਦ ਕਰਾ ਕੇ ਅਯੁੱਧਿਆ ਆਏ। ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿਚ ਘਰਾਂ ਦੀਆਂ ਛੱਤਾਂ ਉੱਤੇ ਦੀਵੇ ਜਗਾਏ ਗਏ। ਆਰੀਆ ਸਮਾਜ ਦੇ ਨੇਤਾ ਸਵਾਮੀ ਦਇਆ ਨੰਦ ਅਤੇ ਜੈਨੀਆਂ ਦੇ ਨੇਤਾ ਮਹਾਂਵੀਰ ਜੀ ਨੂੰ ਏਸੇ ਦਿਨ ਨਿਰਵਾਣ ਪ੍ਰਾਪਤ ਹੋਇਆ। ਵੈਸੇ ਇਹ ਤਿਉਹਾਰ ਸਰਦੀ ਰੁੱਤ ਦੇ ਆਗਮਨ ਦਾ ਵੀ ਸੂਚਕ ਹੈ। ਦੀਵਾਲੀ ਵੈਸੇ ਤਾਂ ਪੂਰੇ ਦੇਸ਼ ਵਿਚ ਮਨਾਈ ਜਾਂਦੀ ਹੈ ਪਰ ਪੰਜਾਬ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀ ਦੀਵਾਲੀ ਦੀ ਸ਼ਾਨ ਹੀ ਵੱਖਰੀ ਹੈ। ਲੱਖਾਂ ਲੋਕ ਦੇਸ਼ਾ-ਵਿਦੇਸ਼ਾ ਤੋਂ ਇਥੇ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਆਉਂਦੇ ਹਨ। ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਉੱਤੇ ਰੌਸ਼ਨੀ ਦੀ ਸਜਾਵਟ ਦਾ ਬੜਾ ਸੁਹਾਵਣਾ ਦ੍ਰਿਸ਼ ਹੁੰਦਾ ਹੈ। ਰਾਤ ਨੂੰ ਆਤਸ਼ਬਾਜੀ ਚਲਾਈ ਜਾਂਦੀ ਹੈ। ਆਤਸ਼ਬਾਜੀ ਵੇਖਣ ਵਾਲਿਆਂ ਦੀ ਰੌਣਕ ਇੰਨੀ ਜ਼ਿਆਦਾ ਹੁੰਦੀ ਹੈ ਕਿ ਪ੍ਰਕਰਮਾ ਵਿਚ ਖੜ੍ਹੇ ਹੋਣ ਦੀ ਥਾਂ ਨਹੀਂ ਮਿਲਦੀ। ਬਜ਼ਾਰਾਂ ਦੀ ਸਜਾਵਟ ਬੜੀ ਦਿਲ ਖਿੱਚਵੀਂ ਹੁੰਦੀ ਹੈ ਇਸੇ ਲਈ ਕਿਹਾ ਜਾਂਦਾ ਹੈ। 'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।'

ਮੱਸਿਆ ਦੀ ਕਾਲੀ ਰਾਤ ਨੂੰ ਰੁਸ਼ਨਾਉਦਾ ਇਹ ਤਿਉਹਾਰ ਕੱਤਕ ਦੀ ਮੱਸਿਆ ਨੂੰ ਹੁੰਦਾ ਹੈ, ਆਮ ਤੌਰ 'ਤੇ ਇਹ ਅਕਤੂਬਰ ਦੇ ਅਖੀਰ ਜਾਂ ਨਵੰਬਰ ਦੇ ਸ਼ੁਰੂ ਵਿਚ ਆਉਂਦਾ ਹੈ। ਦੇਸ਼ ਦੇ ਕੋਨੇ-ਕੋਨੇ ਕੁਝ ਵਿਦੇਸ਼ਾਂ ਵਿਚ ਮਨਾਏ ਜਾਣ ਵਾਲੇ ਸਾਡੇ ਤੋਂ ਵੱਡੇ ਤਿਉਹਾਰ ਦੀਵਾਲੀ ਤੇ ਚਾਹੇ ਪਟਾਕਿਆਂ ਵਗੈਰਾ ਤੇ ਕਰੋੜਾਂ ਰੁਪਏ ਖਰਚ ਹੋ ਜਾਂਦੇ ਹਨ ਪਰ ਇਸ ਦੇ ਬਦਲੇ ਜੋ ਬੇਅੰਤ ਖੁਸ਼ੀ ਪ੍ਰਾਪਤ ਹੁੰਦੀ ਹੈ ਉਸ ਦਾ ਮੁੱਲ ਹੀ ਨਹੀਂ ਪਾਇਆ ਜਾ ਸਕਦਾ। ਸਮੂੰਹ ਪਾਠਕਾਂ ਦੇ ਘਰ ਮਿਲਾਪ, ਪਿਆਰ, ਖੁਸ਼ੀਆਂ, ਆਪਸੀ ਭਾਈਚਾਰਕ ਸਾਂਝ ਅਤੇ ਉੱਚੀ-ਸੁੱਚੀ ਸੋਚ ਦੇ ਦੀਪ ਹਮੇਸ਼ਾ ਜਗਦੇ ਰਹਿਣ। ਦੀਵਾਲੀ ਮੁਬਾਰਕ ਦੋਸਤੋਂ!



ੴ ਸਤਿਗੁਰ ਪ੍ਰਸਾਦਿ ॥
"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"

ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ
ਦੇਸ਼ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਦਾਤਾ ਬੰਦੀ ਛੋੜ ਦਿਵਸ ਦੀਵਾਲੀ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ।
ਗੁਰੂ ਮਹਾਰਾਜ ਸਭ ਤੇ ਮਿਹਰ ਭਰਿਆ ਹੱਥ ਰੱਖਣ।

ਮੁੱਖ ਸੇਵਾਦਾਰ
ਸੰਤ ਬਾਬਾ ਪਵਨਦੀਪ ਸਿੰਘ ਜੀ
ਕੜਿਆਲ ਵਾਲੇ

Scanned with CamScanner

# ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦਾ 9ਵਾਂ ਡੈਲੀਗੇਟ ਇਜਲਾਸ ਸੰਪੰਨ

## ਦਵਿੰਦਰਜੀਤ ਸਿੰਘ ਗਿੱਲ ਚੇਅਰਮੈਨ ਅਤੇ ਹਰਭਿੰਦਰ ਸਿੰਘ ਜਾਨੀਆਂ ਪ੍ਰਧਾਨ ਨਿਯੁਕਤ



ਮੋਗਾ/ ਹਰਜੀਤ ਕੌਰ ਗਿੱਲ

170 ਦੇ ਕਰੀਬ ਪੇਂਡੂ ਕਲੱਬਾਂ ਦੇ ਜਿਲ੍ਹਾ ਪੱਧਰੀ ਸੰਗਠਨ ਜਿਲ੍ਹਾ ਰੂਰਲ ਐੱਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦਾ 9ਵਾਂ ਡੈਲੀਗੇਟ ਇਜਲਾਸ ਅੱਜ ਵਿਸ਼ਕਰਮਾ ਭਵਨ ਮੋਗਾ ਵਿਖੇ ਸਮਾਜ ਸੇਵੀ ਦਰਸ਼ਨ ਸਿੰਘ ਵਿਰਦੀ, ਕ੍ਰਿਸ਼ਨ ਸੂਦ, ਡਾ. ਬਲਦੇਵ ਸਿੰਘ ਧੂੜਕੋਟ, ਅਮਰਜੀਤ ਸਿੰਘ ਜੱਸਲ ਅਤੇ ਗਿਆਨ ਸਿੰਘ ਦੀ ਨਿਗਰਾਨੀ ਹੇਠ ਸੰਪੰਨ ਹੋਇਆ, ਜਿਸ ਵਿੱਚ ਬਲਾਕਾਂ ਦੇ ਚੁਣੇ ਹੋਏ 105 ਡੈਲੀਗੇਟਾਂ ਨੇ ਹਿੱਸਾ ਲਿਆ। ਇਜਲਾਸ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸੰਸਥਾ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਵਿੱਛੜੇ ਸਾਥੀਆਂ ਪ੍ਰੇਮ ਸ਼ਰਮਾ ਅਤੇ ਹੋਰਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਜਿਲ੍ਹਾ ਜਨਰਲ ਗੁਰਚਰਨ ਸਿੰਘ ਰਾਜੂ ਪੱਤੋ ਨੇ ਹਾਜਰ ਕਲੱਬ ਮੈਂਬਰਾਂ ਨੂੰ ਰੂਰਲ ਐੱਨ ਜੀ ਓ ਮੋਗਾ ਦੇ ਪਿਛਲੇ ਦੋ ਸਾਲਾਂ ਦੌਰਾਨ ਕੀਤੇ ਕੀਤੇ ਕੰਮਾਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਅਤੇ ਸੰਸਥਾ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਸਮਾਜ ਸੇਵੀ ਕੰਮਾਂ ਦੀ ਜਾਣਕਾਰੀ ਦਿੱਤੀ।

ਇਸ ਰਿਪੋਰਟ ਤੇ ਬਹਿਸ ਵਿੱਚ ਭਾਗ ਲੈਂਦਿਆਂ ਸੁਖਦੇਵ ਸਿੰਘ ਬਰਾੜ, ਸੁਰਿੰਦਰ ਸਿੰਘ ਬਾਵਾ, ਡਾ ਬਲਦੇਵ ਧੂੜਕੋਟ, ਗੁਰਸੇਵਕ ਸੰਨਿਆਸੀ ਅਤੇ ਨੇ ਸੰਸਥਾ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਕੰਮਾਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟਾਈ ਕਿ ਨਵੀਂ ਟੀਮ ਸੰਸਥਾ ਨੂੰ ਆਪਣੇ ਕੰਮਾਂ ਰਾਹੀਂ ਹੋਰ ਵੀ ਬੁਲੰਦੀਆਂ ਤੇ ਲੈ ਕੇ ਜਾਵੇਗੀ। ਜਿਲ੍ਹਾ ਚੇਅਰਮੈਨ ਮਹਿੰਦਰ ਪਾਲ ਲੂੰਬਾ ਨੇ ਸੰਸਥਾ ਨੂੰ ਖੂਨਦਾਨ ਦੇ ਖੇਤਰ ਵਿੱਚ ਤੀਸਰੀ ਵਾਰ ਸਟੇਟ ਐਵਾਰਡ ਮਿਲਣ ਤੇ ਸਭ ਮੈਂਬਰਾਂ ਨੂੰ ਵਧਾਈ ਦਿੰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਦੱਸਿਆ ਕਿ ਹਰ ਦੋ ਸਾਲ ਬਾਅਦ ਸੰਸਥਾ ਦੀਆਂ ਬਲਾਕ ਚੋਣਾਂ ਕਰਵਾਉਣ ਉਪਰੰਤ ਜਿਲ੍ਹੇ ਦੀ ਚੋਣ ਕਰਵਾਈ ਜਾਂਦੀ ਹੈ। ਇਸ ਉਪਰੰਤ ਜਿਲ੍ਹਾ ਪ੍ਰਧਾਨ ਦਵਿੰਦਰਜੀਤ ਸਿੰਘ ਗਿੱਲ ਨੇ ਮੌਜੂਦਾ ਜਿਲ੍ਹਾ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਕੀਤਾ ਅਤੇ ਨਵੀਂ ਚੋਣ ਦੇ ਅਧਿਕਾਰ ਜਿਲ੍ਹਾ ਨਿਗਰਾਨ ਕਮੇਟੀ ਨੂੰ ਦਿੱਤੇ।

ਨਿਗਰਾਨ ਕਮੇਟੀ ਵੱਲੋਂ ਸਰਬਸੰਮਤੀ ਨਾਲ ਕਰਵਾਈ ਗਈ ਚੋਣ ਵਿੱਚ ਮਹਿੰਦਰ ਪਾਲ ਲੂੰਬਾ ਨੂੰ ਚੀਫ ਪੈਟਰਨ, ਹਰਜਿੰਦਰ ਸਿੰਘ ਚੁਗਾਵਾਂ, ਗੋਕਲ ਚੰਦ ਬੁੱਘੀਪੁਰਾ ਅਤੇ ਡਾ ਬਲਦੇਵ ਸਿੰਘ ਧੂੜਕੋਟ ਨੂੰ ਪੈਟਰਨ, ਗੁਰਸੇਵਕ ਸਿੰਘ ਸੰਨਿਆਸੀ, ਗੁਰਮੀਤ ਸਿੰਘ ਸਹੋਤਾ ਅਤੇ ਦਰਸ਼ਨ ਸਿੰਘ ਲੋਪੋ ਨੂੰ ਸਲਾਹਕਾਰ, ਦਵਿੰਦਰਜੀਤ ਸਿੰਘ ਗਿੱਲ ਨੂੰ ਚੇਅਰਮੈਨ, ਹਰਭਿੰਦਰ ਸਿੰਘ ਜਾਨੀਆਂ ਨੂੰ ਪ੍ਰਧਾਨ, ਰੇਸ਼ਮ ਸਿੰਘ ਜੀਤਾ ਸਿੰਘ ਵਾਲਾ ਨੂੰ ਸੀ. ਮੀਤ ਪ੍ਰਧਾਨ, ਗੁਰਚਰਨ ਸਿੰਘ ਰਾਜੂ ਪੱਤੋ ਅਤੇ ਨਰਜੀਤ ਕੌਰ ਨੂੰ ਮੀਤ ਪ੍ਰਧਾਨ, ਕੰਵਲਜੀਤ ਸਿੰਘ ਮਹੇਸਰੀ ਨੂੰ ਜਨਰਲ ਸਕੱਤਰ, ਹਰਪ੍ਰੀਤ ਸਿੰਘ ਚਾਹਲ ਨੂੰ ਸਹਾਇਕ ਸਕੱਤਰ, ਬੁੱਧ ਸਿੰਘ ਭਿੰਡਰ ਨੂੰ ਕੈਸ਼ੀਅਰ, ਡਾ. ਬਲਰਾਜ ਸਿੰਘ ਰਾਜੂ ਸਮਾਲਸਰ ਨੂੰ ਆਡੀਟਰ, ਭਵਨਦੀਪ ਸਿੰਘ ਪੁਰਬਾ ਨੂੰ ਪ੍ਰੈਸ ਸਕੱਤਰ ਅਤੇ ਜਗਰੂਪ ਸਿੰਘ ਸਰੋਆ ਨੂੰ ਉੱਪ-ਪ੍ਰੈਸ ਸਕੱਤਰ, ਰਾਮ ਸਿੰਘ ਜਾਨੀਆਂ ਅਤੇ ਲਖਵੀਰ ਸਿੰਘ ਭਿੰਡਰ ਨੂੰ ਜਥੇਬੰਦਕ ਸਕੱਤਰ, ਇਕਬਾਲ ਸਿੰਘ ਖੋਸਾ ਨੂੰ ਸ਼ੋਸ਼ਲ ਮੀਡੀਆ ਇੰਚਾਰਜ ਅਤੇ ਕੰਵਰਦੀਪ ਸਿੰਘ ਦਾਰਾਪੁਰ ਨੂੰ ਉੱਪ-ਸ਼ੋਸ਼ਲ ਮੀਡੀਆ ਇੰਚਾਰਜ ਅਤੇ ਅਰੁਨ ਸੂਦ ਨੂੰ ਲੀਗਲ ਐਡਵਾਈਜ਼ਰ ਚੁਣਿਆ ਗਿਆ।

ਇਸ ਤੋਂ ਇਲਾਵਾ ਕਮਲਜੀਤ ਸਿੰਘ ਸੈਦੋਕੇ, ਗੁਰਪ੍ਰੀਤ ਤਖਤੂਪੁਰਾ, ਕਮਲਜੀਤ ਧੂੜਕੋਟ, ਰਮਨਪ੍ਰੀਤ ਸਿੰਘ ਦੱਦਾਹੂਰ, ਰਣਜੀਤ ਸਿੰਘ ਧਾਲੀਵਾਲ, ਡਾ ਜਸਵੰਤ ਸਿੰਘ ਅਤੇ ਭੁਪਿੰਦਰ ਸਿੰਘ ਧੂੰਨਾ ਨੂੰ ਐਗਜੈਕਟਿਵ ਮੈਂਬਰ ਚੁਣਿਆ ਗਿਆ।

ਨਿਗਰਾਨ ਕਮੇਟੀ ਵੱਲੋਂ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੰਦਿਆਂ ਪੂਰੇ ਉਤਸ਼ਾਹ ਨਾਲ ਸਮਾਜ ਸੇਵੀ ਕੰਮਾਂ ਵਿੱਚ ਜੁਟ ਜਾਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਵੀਂ ਚੁਣੀ ਗਈ ਟੀਮ ਵੱਲੋਂ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਦੀ ਅਗਵਾਈ ਵਿੱਚ ਬਿਨ੍ਹਾਂ ਕਿਸੇ ਭੇਦ ਭਾਵ ਤੋਂ, ਇਮਾਨਦਾਰੀ ਅਤੇ ਤਨਦੇਹੀ ਨਾਲ ਸਮਾਜ ਦੇ ਲੋੜਵੰਦ ਲੋਕਾਂ ਦੀ ਮੱਦਦ ਕਰਨ ਦਾ ਪ੍ਰਣ ਲਿਆ ਗਿਆ।

ਇਸ ਮੌਕੇ ਉਕਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜਿਲ੍ਹੇ ਭਰ ਦੀਆਂ ਨੌਜਵਾਨ ਕਲੱਬਾਂ ਦੇ ਮੈਂਬਰ ਅਤੇ ਡੈਲੀਗੇਟ ਅਤੇ ਖਾਸ਼ ਸਖਸ਼ੀਅਤਾਂ ਹਾਜਰ ਸਨ।

## 'ਕਾਵਿ-ਕਿਆਰੀ'



**– ਸੋਨੀਆ ਸਿਮਰ** ਮੋ. 70875-55912

ਕੁਝ ਸਮਾਂ ਚੁੱਪ ਰਹਿਣ ਤੋ ਬਾਅਦ ਨਵੀਂ ਉਡਾਣ ਭਰਾਗੀ ਮੈਂ,
ਤੇਰਾ ਛੁਪਿਆ ਚਿਹਰਾ ਵਕਤ ਨਾਲ ਬੇਨਕਾਬ ਕਰਾਗੀ ਮੈਂ।

ਕਿਸੇ ਦੇ ਝੂਠੇ ਸਾਥ ਨਾਲੋ ਇਕੱਲੇ ਰਹਿਣਾ ਕਬੂਲਾ ਗਈ ਮੈਂ,
ਛੱਡ ਦਿੱਤੇ ਦੂਹਰੇ ਕਿਰਦਾਰਾ ਵਾਲੇ ਚਿਹਰੇ ਅਸੂਲਾਂ ਲਈ ਮੈਂ।

ਚੰਗੀ ਸੋਚ ਤੇ ਇਜੱਤਾਂ ਦੇ ਰਾਖਿਆ ਨੂੰ ਸਦਾ ਸਲਾਹਾਂ ਗਈ ਮੈਂ,
ਨੌਜਵਾਨਾਂ ਨੂੰ ਨਵੀਂ ਰਾਹ ਤੇ ਡਿਗਦਿਆਂ ਨੂੰ ਉਠਾਵਾ ਗਈ ਮੈਂ।

ਠੇਸ ਨਾ ਪਹੁੰਚੇ ਕਿਸੇ ਮਨ ਨੂੰ ਸਦਾ ਚੰਗੇ ਬੋਲ ਹੀ ਬੋਲਾ ਗਈ ਮੈਂ,
ਜਿਗਰੇ ਵਾਲੀ ਹਾਂ ਰਾਹਾਂ ਦੀਆ ਠੋਕਰਾਂ ਦੇਖ ਨਹੀਂ ਡੋਲਾ ਗਈ ਮੈਂ।

ਮਾਪਿਆਂ ਬਰਾਬਰ ਕਦੇ ਕੋਈ ਹੋਰ ਰਿਸ਼ਤਾ ਨਹੀ ਤੋਲਾ ਗਈ ਮੈਂ,
ਜਿੰਨਾ ਸਾਂਝੇ ਕੀਤੇ ਰਾਜ ਉਹਨਾ ਦਾ ਭੇਦ ਕਦੇ ਨਹੀਂ ਖੋਲਾ ਗਈ ਮੈਂ।

ਕਿਸੇ ਦੇ ਝੂਠੇ ਸਾਥ ਨਾਲੋ ਇਕੱਲੇ ਰਹਿਣਾ ਕਬੂਲਾ ਗਈ ਮੈਂ,
ਛੱਡ ਦਿੱਤੇ ਦੂਹਰੇ ਕਿਰਦਾਰਾ ਵਾਲੇ ਚਿਹਰੇ ਅਸੂਲਾਂ ਲਈ ਮੈਂ।

## ਗੱਲਾਂ ਤਾਰਿਆਂ ਨਾਲ

-ਡਾ. ਸਰਬਜੀਤ ਕੌਰ ਬਰਾੜ, ਮੋ. 79866-52927

ਪਹੁ ਫੁਟੇਂਦੇ ਜਦ 'ਸਰਬ' ਨਿਮਾਣੀ ਉੱਠੀ ਸੀ।
ਨਜ਼ਰ ਗਈ ਜਦ ਅੰਬਰੀ ਟਹਿਕ ਰਹੇ ਸੀ ਤਾਰੇ, ਜਿਓਂ ਕਪਾਹ ਦੀ ਫੁੱਟੀ ਸੀ।
ਆ ਗਈ ਚੇਤੇ ਦਾਦੀ ਨਾਨੀ, ਉਲਜ ਗਈ ਫਿਰ ਬਾਤਾਂ ਵਾਲੀ ਗੁਥੀ ਸੀ।
ਤੜਕੇ ਉੱਠ ਕੇ ਦੁੱਧ ਮਧਾਣੀ ਪਾਉਂਦੀਆਂ ਸੀ,
ਮੂੰਹ ਜ਼ੁਬਾਨੀ ਬਾਣੀ ਸੋਹਲੇ ਗਾਉਂਦੀਆਂ ਸੀ।



ਹੋਵਣ ਲੱਗੀਆ ਗੱਲਾਂ ਜੀ ਫਿਰ ਤਾਰਿਆਂ ਨਾਲ,
ਨਵੀਨੀ ਯੁੱਗ ਮੇਰੀ ਹੀਰ ਸਲੇਟੀ ਲੁੱਟੀ ਸੀ।
ਸੋਚੀਂ ਪੈ ਗਏ ਮਨ ਜਿਆ ਹੌਲਾ ਕਰ ਬੈਠੇ,
ਫਿਰ ਅੱਧ - ਵਿਚਕਾਰੋਂ ਬਾਤ ਬਤੋਲੀ ਟੁੱਟੀ ਸੀ।
ਦੱਸ ਕੀਹਨੂੰ ਪੁੱਛੀਏ ਕਿਧਰ ਗਏ ਘਰਾਣੇ ਜੀ,
ਸੱਥਾਂ ਵਿੱਚ ਫੇਰ ਘੁਲਦੇ ਮੱਲ ਪੁਰਾਣੇ ਦੀ
ਪੱਕੇ ਘਰ ਤੇ ਪੱਕੀਆਂ ਮੱਤਾਂ ਹੋ ਗਈਆਂ,
ਸਭ ਦੀ ਮੱਤ ਭਾਈ ਪੱਕੀਆਂ ਵੀਹਾਂ ਘੁੱਟੀ ਸੀ।
ਬਲਦ ਜੋੜ ਲਏ ਬਾਪੂ ਮਾਵਾਂ ਤੋਰਦੀਆਂ,
ਪੀ ਅੱਧ ਰਿੜਕੇ ਦਾ ਛੰਨਾ ਘੁੱਟਮ ਘੁੱਟੀ ਸੀ।
ਹੁਣ ਸੁੱਤੀ ਪਈ ਸੁਆਣੀ ਸਾਡੇ ਨੌਂ ਵੱਜਗੇ
ਸੁਲਝਦੀ ਨਾਂ ਮੈਨੂੰ ਲਗਦੀ 'ਡਾਕਟਰ' ਗੁੱਥੀ ਸੀ।
ਹਾਏ! ਸੁਲਝਦੀ ਨਾਂ ਮੈਨੂੰ ਲਗਦੀ 'ਡਾਕਟਰ' ਗੁੱਥੀ ਸੀ...



ਦੇਸ਼ਾਂ-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਬੰਦੀ ਛੋੜ ਦਿਵਸ 'ਦੀਵਾਲੀ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!



Happy diwali



ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲੇ

ਸ਼ੁੱਭ ਇਛਾਵਾਂ ਸਹਿਤ:
ਭਾਈ ਹਰਪ੍ਰੀਤ ਸਿੰਘ 'ਡੋਨੀ'

Scanned with CamScanner

# ਗੁ: ਮਾਤਾ ਦਮੋਦਰੀ ਜੀ ਪਿੰਡ ਡਰੋਲੀ ਭਾਈ ਵਿਖੇ ਲਗਾਇਆ ਗਿਆ ਦੰਦਾ ਅਤੇ ਅੱਖਾਂ ਦਾ ਵਿਸ਼ਾਲ ਚੈਕ ਅੱਪ ਕੈਂਪ

## ਲੋੜਵੰਦ ਲੋਕਾਂ ਨੂੰ ਰੌਸ਼ਨੀ ਪ੍ਰਦਾਨ ਕਰਕੇ ਉਨ੍ਹਾਂ ਨੂੰ ਰੰਗ ਬਿਰੰਗੀ ਦੁਨੀਆ ਦੇਖਣ ਦੇ ਯੋਗ ਬਨਾਉਣਾ ਸਭ ਤੋਂ ਵੱਡਾ ਪੁੰਨ ਹੈ -ਡਾ. ਅਮਨਦੀਪ ਕੌਰ ਅਰੋੜਾ




**ਡਰੋਲੀ ਭਾਈ (ਮੋਗਾ) / ਪਰਮਜੀਤ ਕੌਰ ਗਿੱਲ**

'ਦਾ ਕ੍ਰਿਪਾ ਪ੍ਰਜੈਕਟ' ਅਧੀਨ ਗੁਰਤੇਜ ਸਿੰਘ ਸੋਢੀ ਅਤੇ ਅਮਨ ਰੱਖਰਾ ਦੇ ਸਹਿਯੋਗ ਸਦਕਾ ਅੱਖਾਂ ਅਤੇ ਦੰਦਾ ਦਾ ਮੁਫਤ ਚੈਕ ਅੱਪ ਕੈਂਪ ਗੁਰਦੁਆਰਾ ਮਾਤਾ ਦਮੋਦਰੀ ਜੀ ਪਿੰਡ ਡਰੋਲੀ ਭਾਈ ਵਿਖੇ ਲਗਾਇਆ ਗਿਆ, ਅੱਖਾਂ ਦੇ ਸਪੈਸ਼ਲਿਸਟ ਡਾ. ਮਨਿੰਦਰ ਕੌਰ ਵੱਲੋਂ ਅੱਖਾਂ ਦੇ ਕੈਂਪ ਵਿਚ 150 ਅਤੇ ਡਾ. ਅਭੀਨੰਦਨ ਦਿਓੜਾ ਚੰਡੀਗੜ ਕਲੀਨਿਕ ਵਾਲਿਆਂ ਵੱਲੋਂ ਦੰਦਾ ਦੇ ਕੈਂਪ ਵਿੱਚ ਤਕਰੀਬਨ 60 ਲੋੜਵੰਦ ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।

ਇਸ ਕੈਂਪ ਦਾ ਉਦਘਾਟਨ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਇਮਪਰੂਵਮੈਂਟ ਟਰੱਸਟ ਮੋਗਾ ਦੇ ਚੇਅਰਮੈਨ ਦੀਪਕ ਅਰੋੜਾ ਸਮਾਲਸਰ ਵੀ ਮੁੱਖ ਤੌਰ ਤੇ ਹਾਜਰ ਹੋਏ। ਇਸ ਮੌਕੇ ਬੋਲਦਿਆਂ ਇਸ ਉੱਦਮ ਦੀ ਪ੍ਰਸ਼ੰਸਾ ਕਰਦਿਆਂ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਲੋੜਵੰਦ ਲੋਕਾਂ ਨੂੰ ਰੌਸ਼ਨੀ ਪ੍ਰਦਾਨ ਕਰਕੇ ਉਨ੍ਹਾਂ ਨੂੰ ਰੰਗ ਬਿਰੰਗੀ ਦੁਨੀਆ ਦੇਖਣ ਦੇ ਯੋਗ ਬਨਾਉਣਾ ਸਭ ਤੋਂ ਵੱਡਾ ਪੁੰਨ ਹੈ ਮੈਨੂੰ ਖੁਸ਼ੀ ਹੈ ਕਿ ਇਸ ਪੁੰਨ ਦੇ ਕਾਰਜ ਲਈ ਸਾਡੇ ਐਨ.ਆਰ.ਆਈ ਵੀਰ ਗੁਰਤੇਜ ਸਿੰਘ ਸੋਢੀ ਅਤੇ ਅਮਨ ਰੱਖਰਾ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਹਾਜਰ ਹੋਏ ਡਾ. ਅਮਨਦੀਪ ਕੌਰ ਅਰੋੜਾ, ਇਮਪਰੂਵਮੈਂਟ ਟਰੱਸਟ ਮੋਗਾ ਦੇ ਚੇਅਰਮੈਨ ਦੀਪਕ ਅਰੋੜਾ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਸਾਹਿਤਕ ਸੰਪਾਦਕ ਹਰਜੀਤ ਕੌਰ ਗਿੱਲ ਅਤੇ ਹਾਜਰ ਹੋਏ ਹੋਰ ਪਤਵੰਤੇ ਸੱਜਣਾ ਮਿੱਤਰਾਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਗੁਰ-ਦੁਆਰਾ ਕਮੇਟੀ ਦੇ ਪ੍ਰਧਾਨ ਸ. ਮੁਖਤਿਆਰ ਸਿੰਘ, ਮੀਤ-ਪ੍ਰਧਾਨ ਸ. ਦਰਸ਼ਨ ਸਿੰਘ, ਮੇਨੈਜਰ ਜਗਦੀਸ਼ ਸਿੰਘ, ਰਾਜਬੀਰ ਸਿੰਘ ਮੱਲ, ਜਸਮੇਲ ਸਿੰਘ, ਦੀਪਕ ਖਾਂ, ਤੀਰਥ ਸਿੰਘ, ਅਵਤਾਰ ਸਿੰਘ ਖੁਰਮੀ, ਦੀਪ ਦਾਰਾਪੁਰ, ਸੁੱਖਾ ਡਰੋਲੀ, ਟੌਮ ਡਰੋਲੀ, ਰਣਜੀਤ ਡਰੋਲੀ, ਨਵਦੀਪ ਸਿੰਘ ਵਾਲੀਆ, ਇੰਦਰਜੀਤ ਸਿੰਘ ਗਿੱਲ, ਬਿਕਰਮਜੀਤ ਸਿੰਘ ਘਾਤੀ, ਜਗਸੀਰ ਸਿੰਘ ਹੁੰਦਲ, ਮੈਡਮ ਕਿਰਨ, ਅਮਿਤ ਪੁਰੀ, ਇਲਾਕੇ ਦੇ ਪਤਵੰਤੇ ਸੱਜਣ, ਮਰੀਜ ਅਤੇ ਉਨ੍ਹਾਂ ਦੇ ਵਾਰਿਸ ਵੱਡੀ ਗਿਣਤੀ ਵਿੱਚ ਹਾਜਰ ਸਨ।

'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਸਮੂੰਹ ਪਾਠਕਾਂ ਨੂੰ ਦੀਵਾਲੀ ਦੀਆਂ ਕੋਟਿ-ਕੋਟਿ ਮੁਬਾਰਕਾਂ!

*With best compliments from:*


ਦੀਪਕ ਅਰੋੜਾ ਸਮਾਲਸਰ
ਚੈਅਰਮੈਨ: ਇਮਪਰੂਵਮੈਂਟ ਟਰੱਸਟ


ਗੁਰਪ੍ਰੀਤ ਸਿੰਘ ਸੱਚਦੇਵਾ
ਕੌਂਸਲਰ


ਅਰਵਿੰਦਰ ਸਿੰਘ ਕਾਨਪੁਰੀਆ
ਕੌਂਸਲਰ


ਬਲਜਿੰਦਰ ਸਿੰਘ ਗੋਰਾ ਖੁਖਰਾਣਾ
ਜੁਆਇਟ ਸਕੱਤਰ ਆਪ ਮੋਗਾ


ਅਮਨ ਰਖਰਾ
ਮੀਡੀਆ ਇੰਚਾਰਜ ਆਪ ਮੋਗਾ


ਵੀਹਵੀ ਸਦੀ ਦੇ ਉੱਘੇ ਸਮਾਜ ਸੇਵਕ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲੇ

ਦੇਸ਼ਾਂ-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਬੰਦੀ ਛੋੜ ਦਿਵਸ

ਦੀਵਾਲੀ

ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

happy diwali


ਵੱਲੋਂ: ਮੁੱਖ ਸੇਵਾਦਾਰ
ਬਾਬਾ ਜਸਵੀਰ ਸਿੰਘ ਲੋਹਾਰਾ

# ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਦਿਵਾਲੀ ਦੇ ਤਿਉਹਾਰ ਤੇ ਕਾਰਪੋਰੇਸ਼ਨ ਅਤੇ ਟਰੈਫਿਕ ਪੁਲਿਸ ਮੁਲਾਜ਼ਮ ਦੁਕਾਨਦਾਰਾਂ ਨਾਲ ਨਰਮ ਰਵੱਈਆ ਅਪਨਾਉਣ ਦੇ ਆਦੇਸ਼



## ਦਿਵਾਲੀ ਸੱਭ ਦਾ ਸਾਂਝਾ ਤਿਉਹਾਰ, ਦਿਵਾਲੀ ਦੇ ਤਿਉਹਾਰ ਦੀਆਂ ਸੱਭ ਨੂੰ ਮੁਬਾਰਕਾਂ -ਡਾ. ਅਮਨਦੀਪ ਕੌਰ ਅਰੋੜਾ

**ਮੋਗਾ/ ਭਵਨਦੀਪ ਸਿੰਘ ਪੁਰਬਾ**

ਮੋਗਾ ਤੋਂ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਹਲਕਾ ਮੋਗਾ ਦੇ ਮੈਨ ਬਜ਼ਾਰ ਦਾ ਦੌਰਾ ਕੀਤਾ ਅਤੇ ਤਿਉਹਾਰ ਦੇ ਦਿਨਾਂ 'ਚ ਆ ਰਹੀਆਂ ਲੋਕਾਂ ਦੀਆਂ ਸਮਸਿਆਵਾਂ ਸੁਣੀਆਂ। ਉਹਨਾਂ ਨੇ ਕਿਹਾ ਕਿ ਦਿਵਾਲੀ ਅਤੇ ਧਨਤੇਰਸ ਦਾ ਤਿਉਹਾਰ ਦਸਤਕ ਦੇਣ ਵਾਲਾ ਹੈ, ਬਾਜ਼ਾਰ ਪਹਿਲਾਂ ਹੀ ਇਨ੍ਹਾਂ ਤਿਉਹਾਰਾਂ ਨੂੰ ਲੈ ਕੇ ਉਤਸ਼ਾਹ ਨਾਲ ਭਰਿਆ ਹੋਇਆ ਹੈ। ਇਸ ਸਾਲ ਦੀਵਾਲੀ ਦਾ ਤਿਉਹਾਰ ਦੋ ਸਾਲਾਂ ਬਾਅਦ ਬਿਨਾਂ ਕਿਸੇ ਕੋਵਿਡ ਪਾਬੰਦੀਆਂ ਦੇ ਮਨਾਇਆ ਜਾਵੇਗਾ।ਦਿਵਾਲੀ ਸਾਡੇ ਸਾਰਿਆਂ ਦਾ ਸਾਂਝਾ ਤਿਉਹਾਰ ਹੈ ਇਸ ਤਿਉਹਾਰ ਤੇ ਮੈਂ ਕਾਰਪੋਰੇਸ਼ਨ ਦੇ ਮੁਲਾਜਮ, ਟਰੈਫਿਕ ਪੁਲਿਸ ਮੁਲਾਜ਼ਮਾਂ ਨੂੰ ਬੇਨਤੀ ਕਰਦੀ ਹਾਂ ਕਿ ਦੁਕਾਨਦਾਰਾਂ ਨਾਲ ਨਰਮ ਰਵਈਆ ਵਰਤਿਆ ਜਾਵੇ। ਪਿੱਛੇ ਕਰੋਨਾ ਕਾਲ ਵਿੱਚ ਦੁਕਾਨਦਾਰਾਂ ਦਾ ਬਿਜਿਨੇਸ ਤੇ ਬਹੁਤ ਬੁਰਾ ਅਸਰ ਰਿਹਾ ਉਸ ਤੋਂ ਬਾਅਦ ਇਹ ਤਿਉਹਾਰ ਖੁਸ਼ੀਆਂ ਲੈ ਕੇ ਆਇਆ। ਇਸ ਲਈ ਸਾਰੇ ਰਲ਼ ਮਿਲ ਕੇ ਤਿਉਹਾਰ ਨੂੰ ਮਨਾਈਏ। ਮੈਂ ਦੁਕਾਨਦਾਰ ਵੀਰਾ ਨੂੰ ਵੀ ਬੇਨਤੀ ਕਰਦੀ ਹਾਂ ਕਿ ਉਹ ਆਪਣੀਆਂ ਦੁਕਾਨਾਂ ਨੂੰ ਦਾਇਰੇ ਵਿੱਚ ਰਹਿ ਕੇ ਹੀ ਅੱਗੇ ਸੜਕ ਤੇ ਵਧਾਉਣ ਤਾਂ ਜੋ ਟਰੈਫਿਕ ਦੀ ਸਮੱਸਿਆ ਨਾ ਆਵੇ। ਸਾਰੇ ਰਲ ਮਿਲ ਕੇ ਤਿਉਹਾਰ ਨੂੰ ਮਨਾਈਏ ਤਾਂ ਜੋ ਸਾਡਾ ਮੋਗਾ ਤਰੱਕੀ ਕਰੇ। ਜੇਕਰ ਕਿਸੇ ਨੂੰ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਮੇਰੇ ਨਾਲ ਫੋਨ ਤੇ ਸੰਪਰਕ ਕਰੋ। ਮੈਂ ਹਲਕਾ ਮੋਗਾ ਵਾਸੀਆਂ ਨੂੰ ਇਸ ਪਵਿੱਤਰ ਤਿਉਹਾਰ ਦੀਆਂ ਵਧਾਈਆਂ ਦਿੰਦੀ ਹਾਂ। ਦੀਵਾਲੀ ਦੀਆਂ ਸੱਭ ਨੂੰ ਬਹੁਤ ਬਹੁਤ ਮੁਬਾਰਕਾਂ।

Scanned with CamScanner

# ਪੰਥਕ ਜੱਥੇਬੰਦੀਆਂ ਨੇ ਬੇਅਦਬੀ, ਬਹਿਬਲ ਕਲਾਂ ਕੋਟਕਪੂਰਾ ਗੋਲੀਕਾਂਡ ਦੇ ਦੋਸੀਆਂ ਨੂੰ ਸਜ਼ਾ ਦਿਵਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਵਿਸ਼ਾਲ ਇਨਸਾਫ਼ ਮਾਰਚ ਕੱਢਿਆ





ਮੋਗਾ / ਭਵਨਦੀਪ ਸਿੰਘ ਪੁਰਬਾ

ਜੱਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਦਮਦਮੀ ਟਕਸਾਲ ਅਜਨਾਲਾ, ਬਾਬਾ ਬਲਦੇਵ ਸਿੰਘ ਜੋਗੇਵਾਲਾ ਦਮਦਮੀ ਟਕਸਾਲ ਜੋਗੇਵਾਲਾ ਅਤੇ ਬਾਬਾ ਰੇਸਮ ਸਿੰਘ ਖੁਖਰਾਣਾ ਦੀ ਅਗਵਾਈ ਵਿੱਚ ਅੱਜ ਬੁਰਜ ਜਵਾਹਰ ਵਾਲਾ ਤੋ ਕੋਟਕਪੂਰਾ ਚੌਕ ਤੱਕ ਇਕ ਵਿਸਾਲ ਇਨਸਾਫ ਮਾਰਚ ਕੱਢਿਆ ਗਿਆ। ਉਸ ਸਬੰਧੀ ਵਿਸ਼ਾਲ ਇਕੱਠ ਗੁਰਦੁਆਰਾ ਜੋਤੀ ਸਰੂਪ ਜੋਗੇਵਾਲਾ 'ਚ ਹੋਇਆ ਜਿੱਥੋਂ ਸੰਗਤਾਂ ਨੇ ਸੰਤਾਂ ਮਹਾਪੁਰਸਾਂ ਪੰਥਕ ਆਗੂਆਂ ਨੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਨੂੰ ਜਥੇਦਾਰ ਸਿੰਘ ਸਾਹਿਬ ਭਾਈ ਅਮਰੀਕ ਸਿੰਘ ਅਜਨਾਲਾ, ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਦੀ ਅਗਵਾਈ 'ਚ ਚਾਲੇ ਮਾਰੇ। ਇਹਨਾਂ ਅਗੂਆਂ ਨੇ ਬੋਲਦਿਆਂ ਕਿਹਾ ਕਿ ਇਸ ਮਾਰਚ ਦਾ ਅਸਲ ਮਕਸਦ ਬੰਦੀ ਸਿੰਘਾਂ ਦੀ ਪੱਕੀ ਰਿਹਾਈ ਲਈ ਜਗਤ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਅਤੇ ਗੁਰੂ ਸਾਹਿਬ ਜੀ ਦੇ ਅੰਗਾਂ ਦੀ ਨਿਰਾਦਰੀ ਕਰਨ ਵਾਲੇ ਅਖੌਤੀ ਗੁਰੂਡੰਮ ਦੇ ਡੇਰੇ ਪੂਰਨ ਤੌਰ ਤੇ ਪੰਜਾਬ ਵਿੱਚੋਂ ਬੰਦ ਕਰਾਉਣ ਲਈ ਅਤੇ ਕੋਟਕਪੂਰਾ ਬਹਿਬਲ ਕਲਾਂ ਗੋਲੀਕਾਂਡ ਦੇ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਹੈ। ਇਹ ਜੋ ਪੰਥਕ ਮੁੱਦੇ ਹਨ ਇਹਨਾਂ ਨੂੰ ਹਰ ਹਾਲਤ ਹੱਲ ਕਰਨਾ ਪਵੇਗਾ ਜੇ ਨਾ ਕੀਤਾ ਤਾਂ ਭਗਵੰਤ ਮਾਨ ਸਰਕਾਰ ਦਾ ਹਾਲ ਵੀ ਬਾਦਲ ਦੀ ਅਕਾਲੀ ਸਰਕਾਰ ਅਤੇ ਕੈਪਟਨ ਦੀ ਕਾਂਗਰਸ ਸਰਕਾਰ ਵਾਲਾ ਹੀ ਹੋਵੇਗਾ।

ਆਗੂਆ ਨੇ ਕਿਹਾ ਕਿ ਇਹਨਾਂ ਮੁਦਿਆਂ ਕਾਰਨ ਸਿੱਖ ਜਗਤ ਚ ਬੇਚੈਨੀ ਤੇ ਨਿਰਾਸ਼ਾ ਦਾ ਆਲਮ ਛਾਇਆ ਹੋਇਆ ਹੈ। ਸਿੱਖ ਕੌਮ ਨੂੰ ਧੱਕੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਜਿਸ ਦੀ ਤਾਜਾ ਮਸ਼ਾਲ ਬਲਾਤਕਾਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਵਾਉਣ ਵਾਲੇ ਸੌਦਾ ਨੂੰ ਸਾਧ ਤੀਸਰੀ ਵਾਰ ਚਾਲੀ ਦਿਨ ਦੀ ਪੈਰੋਲ ਦੇਣਾ। ਦੂਜੇ ਪਾਸੇ ਸਿੱਖ ਬੰਦੀਆਂ ਨੂੰ ਰਿਹਾ ਕਰਨਾ ਤਾ ਦੂਰ ਦੀ ਗੱਲ ਹੈ ਪੈਰੋਲ ਦੀ ਸੁਵਿਧਾ ਵੀ ਨਹੀ ਦਿੱਤੀ ਜਾਦੀ। ਇਹ ਇਨਸਾਫ ਮਾਰਚ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸੁਰੂ ਹੋ ਕੇ ਮੱਲ ਕੇ ਸਾਹੋ ਕੇ ਪੰਜਗਰਾਈ ਤੋ ਹੁੰਦੇ ਹੋਏ ਕੋਟਕਪੂਰਾ ਚੌਂਕ 'ਚ ਪਹੁੰਚਿਆ। ਪੰਜਾਬ ਦੀਆਂ ਸਮੂਹ ਹੀ ਪੰਜਾਬ ਪ੍ਰਸਤ ਸਿਆਸੀ ਧਿਰਾਂ ਧਾਰਮਿਕ ਸ਼ਖ਼ਸੀਅਤਾਂ ਪੰਜਾਬ ਦੇ ਸਮੂਹ ਵਕੀਲ ਭਾਈਚਾਰੇ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਪੂਰਨ ਸਹਿਯੋਗ ਨਾਲ ਅਰਦਾਸ ਸਮਾਗਮ ਅਤੇ ਇਨਸਾਫ਼ ਮਾਰਚ ਰੱਖਿਆ ਗਿਆ ਸੀ। ਇਸ ਵਿੱਚ ਸਾਰੀਆਂ ਹੀ ਧਾਰਮਕ ਸਮਾਜਕ ਰਾਜਸੀ ਇਨਕਲਾਬੀ ਧਿਰਾਂ ਅਤੇ ਕਿਸਾਨ ਯੂਨੀਅਨਾਂ ਨੌਜਵਾਨ ਯੂਨੀਅਨ ਅਤੇ ਮਨੁੱਖੀ ਅਧਿਕਾਰ ਸੰਗਠਨ ਪਹੁੰਚੇ।

ਇਸ ਮੌਕੇ ਜਥੇਦਾਰ ਭਾਈ ਅਮਰੀਕ ਸਿੰਘ ਜੀ ਅਜਨਾਲਾ, ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਬਾਬਾ ਮਹਿੰਦਰ ਸਿੰਘ ਜਨੇਰ, ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ, ਗਿਆਨੀ ਸਤਿਨਾਮ ਸਿੰਘ ਜਨੇਰ, ਭਾਈ ਇਕਬਾਲ ਸਿੰਘ ਕਨੇਡਾ, ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ, ਬਾਬਾ ਜਸਵਿੰਦਰ ਸਿੰਘ ਟਿੰਡਵਾਂ, ਗਿਆਨੀ ਅਮ੍ਰੀਕ ਸਿੰਘ ਕੱਚਰਭੰਨ, ਭਾਈ ਗੁਰਦਿਆਲ ਸਿੰਘ ਲੰਗੇਆਣਾ, ਭਾਈ ਅਵਤਾਰ ਸਿੰਘ ਜੀ ਘੋਲੀਆ, ਜੱਥਾ ਪੰਜ ਪਿਆਰੇ ਸਾਹਿਬਾਨ, ਬਾਬਾ ਅਵਤਾਰ ਸਿੰਘ ਸਾਧਾਂਵਾਲਾ, ਸਰਦਾਰ ਅਮਰ ਸਿੰਘ ਝੋਕ ਹਰੀਹਰ, ਭਾਈ ਜ਼ੋਰਾ ਸਿੰਘ ਮਾਛੀ ਬੁਗਰਾ, ਭਾਈ ਬਾਜ ਸਿੰਘ, ਗ੍ਰੰਥੀ ਸਭਾ ਦੇ ਪ੍ਰਧਾਨ ਸਰਦਾਰ ਦਲੇਰ ਸਿੰਘ, ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਬਲਵਿੰਦਰ ਸਿੰਘ ਰੋਡੇ, ਮੁੱਖ ਬੁਲਾਰਾ ਸਿੱਖ ਸਟੂਡੈਂਟ ਫੈਡਰੇਸ਼ਨ, ਭਾਈ ਰਣਜੀਤ ਸਿੰਘ ਲੰਗੇਆਣਾ, ਜ਼ਿਲ੍ਹਾ ਪ੍ਰਧਾਨ ਫੈਡਰੇਸ਼ਨ, ਜਥੇਦਾਰ ਬੂਟਾ ਸਿੰਘ ਰਣਸੀਂਹ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਕਿਰਤੀ), ਸਰਦਾਰ ਗੁਰਦੀਪ ਸਿੰਘ ਬਠਿੰਡਾ ਅਕਾਲੀ ਦਲ ਵੱਲੋਂ ਯੂਨਾਈਟਿਡ ਅਕਾਲੀ ਦਲ ਵੱਲੋਂ ਭਾਈ ਸਾਹਿਬ ਭਾਈ ਜਸਵਿੰਦਰ ਸਿੰਘ ਘੋਲੀਆ, ਸਕੱਤਰ ਯੂਨਾਈਟਿਡ ਅਕਾਲੀ ਦਲ, ਭਾਈ ਦਰਬਾਰਾ ਸਿੰਘ ਗ੍ਰੰਥੀ ਭਾਈ ਲਖਵਿੰਦਰ ਸਿੰਘ, ਗ੍ਰੰਥੀ ਭਾਈ ਲਖਵਿੰਦਰ ਸਿੰਘ ਲੱਖਾ ਰਾਗੀ ਸਮੂਹ ਰਾਗੀ ਅਤੇ ਗ੍ਰੰਥੀ ਸਭਾ ਜ਼ਿਲਾ ਮੋਗਾ ਬਲਜੀਤ ਸਿੰਘ ਜੀ ਖਾਲਸਾ, ਭਾਈ ਜਤਿੰਦਰ ਸਿੰਘ ਦੀ ਨਿਹੰਗ ਸਿੰਘ, ਕਰਨੈਲ ਸਿੰਘ ਚੜਿੱਕ ਰੋਡ ਸਤਿਕਾਰ ਕਮੇਟੀ ਰਣਜੀਤ ਸਿੰਘ ਵਾਂਦਰ, ਹਰਪ੍ਰੀਤ ਸਿੰਘ ਡੋਨੀ ਅਤੇ ਹੋਰ ਪੰਥ ਪੰਥਕ ਧਿਰਾਂ ਸਮੂਹ ਸਿੱਖ ਸੰਗਤਾਂ ਨੇ ਵਧ ਚੜ੍ਹ ਹਿੱਸਾ ਲਿਆ।

**ਜਗਤ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਅਤੇ ਗੁਰੂ ਸਾਹਿਬ ਜੀ ਦੇ ਅੰਗਾਂ ਦੀ ਨਿਰਾਦਰੀ ਕਰਨ ਵਾਲੇ ਅਖੌਤੀ ਗੁਰੂਡੰਮ ਦੇ ਡੇਰੇ ਪੂਰਨ ਤੌਰ ਤੇ ਪੰਜਾਬ ਵਿੱਚੋਂ ਬੰਦ ਕਰਾਉਣ ਲਈ ਅਤੇ ਕੋਟਕਪੂਰਾ ਬਹਿਬਲ ਕਲਾਂ ਗੋਲੀਕਾਂਡ ਦੇ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਲਈ ਜੱਥੇਦਾਰ ਭਾਈ ਅਮਰੀਕ ਸਿੰਘ ਜੀ ਅਜਨਾਲਾ, ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ ਅਤੇ ਬਾਬਾ ਰੇਸਮ ਸਿੰਘ ਜੀ ਖੁਖਰਾਣਾ ਦੀ ਅਗਵਾਈ ਵਿੱਚ ਪਿੰਡ ਬੁਰਜ ਜਵਾਹਰ ਵਾਲਾ ਤੋਂ ਕੋਟਕਪੂਰਾ ਚੌਕ ਤੱਕ ਵਿਸਾਲ ਇਨਸਾਫ ਮਾਰਚ ਕੱਢਿਆ ਗਿਆ। ਆਗੂਆ ਨੇ ਕਿਹਾ ਕਿ ਇਹ ਜੋ ਪੰਥਕ ਮੁੱਦੇ ਹਨ ਇਹਨਾਂ ਨੂੰ ਹਰ ਹਾਲਤ ਹੱਲ ਕਰਨਾ ਪਵੇਗਾ ਜੇ ਨਾ ਕੀਤਾ ਤਾਂ ਭਗਵੰਤ ਮਾਨ ਸਰਕਾਰ ਦਾ ਹਾਲ ਵੀ ਬਾਦਲ ਦੀ ਅਕਾਲੀ ਸਰਕਾਰ ਅਤੇ ਕੈਪਟਨ ਦੀ ਕਾਂਗਰਸ ਸਰਕਾਰ ਵਾਲਾ ਹੀ ਹੋਵੇਗਾ।**



ਕੈਲੰਡਰ, ਯੰਤਰੀਆਂ, ਪੁਸਤਕਾਂ, ਡਾਇਰੀਆਂ, PVC ਡਿਜੀਟਲ ਆਈ ਕਾਰਡ ਆਦਿ ਪ੍ਰੈਂਟ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

ਮਹਿਕ ਵਤਨ ਦੀ ਐਡਵੋਟਾਈਜਮੈਂਟ ਕੰਪਨੀ (ਰਜਿ:)

Help Line: 9988-92-9988

Scanned with CamScanner



# ਦਾਤਾ ਬੰਦੀ ਛੋੜ ਦਿਵਸ ਤੇ ਵਿਸ਼ੇਸ ਸਪਲੀਮੈਂਟ









Scanned with CamScanner